Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition

Vol : 3 : # ਅੰਕ 266 | 08/01/2025 | www.samajweekly.com | samajweekly | @samajweekly | samajweekly

# ਦਿੱਲੀ ਵਿਧਾਨ ਸਭਾ ਚੋਣਾਂ 5 ਫਰਵਰੀ ਨੂੰ

## ਵੋਟਾਂ ਦੀ ਗਿਣਤੀ 8 ਨੂੰ ਹੋਵੇਗੀ; ‘ਆਪ’, ਭਾਜਪਾ ਅਤੇ ਕਾਂਗਰਸ ਵਿੱਚ ਤਿਕੋਣਾ ਮੁਕਾਬਲਾ

**ਨਵੀਂ ਦਿੱਲੀ।** ਚੋਣ ਕਮਿਸ਼ਨ ਨੇ ਕੌਮੀ ਰਾਜਧਾਨੀ ਦਿੱਲੀ ’ਚ ਵਿਧਾਨ ਸਭਾ ਚੋਣਾਂ ਦਾ ਅੱਜ ਐਲਾਨ ਕਰ ਦਿੱਤਾ ਹੈ। ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਨੇ ਕਿਹਾ ਕਿ 70 ਮੈਂਬਰੀ ਵਿਧਾਨ ਸਭਾ ਲਈ ਵੋਟਾਂ 5 ਫਰਵਰੀ ਨੂੰ ਪੈਣਗੀਆਂ ਅਤੇ ਨਤੀਜੇ 8 ਫਰਵਰੀ ਨੂੰ ਐਲਾਨੇ ਜਾਣਗੇ। ਦਿੱਲੀ ’ਚ ‘ਆਪ’, ਭਾਜਪਾ ਅਤੇ ਕਾਂਗਰਸ ਵਿਚਾਲੇ ਤਿਕੋਣਾ ਮੁਕਾਬਲਾ ਦੇਖਣ ਨੂੰ ਮਿਲੇਗਾ। ਸਾਲ 2020 ਦੀਆਂ ਚੋਣਾਂ ’ਚ ‘ਆਪ’ ਨੇ 62 ਅਤੇ ਭਾਜਪਾ ਨੇ 8 ਸੀਟਾਂ ਜਿੱਤੀਆਂ ਸਨ ਜਦਕਿ ਕਾਂਗਰਸ ਨੂੰ ਇਕ ਵੀ ਸੀਟ ਨਹੀਂ ਮਿਲੀ ਸੀ। ਇਸ ਦੇ ਨਾਲ ਦੋ ਵਿਧਾਨ ਸਭਾ ਹਲਕਿਆਂ ਤਾਮਿਲ ਨਾਡੂ ਦੇ ਇਰੋਡ ਅਤੇ ਉੱਤਰ ਪ੍ਰਦੇਸ਼ ਦੇ ਮਿਲਕੀਪੁਰ ’ਚ ਜ਼ਿਮਨੀ ਚੋਣਾਂ ਲਈ ਵੋਟਾਂ ਵੀ 5 ਫਰਵਰੀ ਨੂੰ ਹੀ ਪੈਣਗੀਆਂ। ਜੰਮੂ ਕਸ਼ਮੀਰ ’ਚ ਠੰਢ ਜ਼ਿਆਦਾ ਹੋਣ ਕਾਰਨ ਦੋ ਹਲਕਿਆਂ ਬਡਗਾਮ ਅਤੇ ਨਗਰੋਟਾ ’ਚ ਜ਼ਿਮਨੀ ਚੋਣਾਂ ਦਾ ਬਾਅਦ ’ਚ ਐਲਾਨ ਕੀਤਾ ਜਾਵੇਗਾ। ਦਿੱਲੀ ’ਚ ਨਾਮਜ਼ਦਗੀ ਕਾਗਜ਼ ਦਾਖ਼ਲ ਕਰਨ ਦੀ ਆਖਰੀ ਤਰੀਕ 17 ਜਨਵਰੀ ਹੈ। ਅਗਲੇ ਦਿਨ ਨਾਮਜ਼ਦਗੀਆਂ ਦੀ ਪੜਤਾਲ ਹੋਵੇਗੀ ਅਤੇ ਉਮੀਦਵਾਰ 20 ਜਨਵਰੀ ਤੱਕ ਕਾਗਜ਼ ਵਾਪਸ ਲੈ ਸਕਦੇ ਹਨ। ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਨੇ ਕਿਹਾ, ‘‘ਦਿੱਲੀ ’ਚ ਇਕੋ ਗੇੜ ’ਚ ਵੋਟਾਂ ਪੈਣਗੀਆਂ। ਅਸੀਂ ਜਾਣਬੁੱਝ ਕੇ ਵੋਟਿੰਗ ਦਾ ਦਿਨ ਬੁੱਧਵਾਰ ਰੱਖਿਆ ਹੈ ਤਾਂ ਜੋ ਜ਼ਿਆਦਾ ਤੋਂ ਜ਼ਿਆਦਾ ਲੋਕ ਵੋਟ ਪਾਉਣ ਲਈ ਘਰਾਂ ਤੋਂ ਬਾਹਰ ਨਿਕਲਣ। ਅਸੀਂ ਮਹਾਰਾਸ਼ਟਰ ’ਚ ਵੀ ਇੰਜ ਹੀ ਕੀਤਾ ਸੀ। ਪੂਰਾ ਚੋਣ ਅਮਲ 10 ਫਰਵਰੀ ਤੱਕ ਮੁਕੰਮਲ ਹੋ ਜਾਵੇਗਾ।’’ ਦਿੱਲੀ ਦੀਆਂ 70 ਸੀਟਾਂ ’ਚੋਂ 58 ਜਨਰਲ ਅਤੇ 12 ਰਾਖਵੀਆਂ ਹਨ। ਚੋਣ ਸੂਚੀ ਮੁਤਾਬਕ ਦਿੱਲੀ ’ਚ ਕੁੱਲ 1.55 ਕਰੋੜ ਵੋਟਰ ਹਨ ਜਿਨ੍ਹਾਂ ’ਚ 83.49 ਲੱਖ ਪੁਰਸ਼, 71.74 ਲੱਖ ਔਰਤਾਂ ਅਤੇ 1,261 ਟਰਾਂਸਜੈਂਡਰ ਸ਼ਾਮਲ ਹਨ। ਮੁੱਖ ਚੋਣ ਕਮਿਸ਼ਨਰ ਨੇ ਕਿਹਾ ਕਿ 25.89 ਲੱਖ ਨੌਜਵਾਨ ਵੋਟਰ ਹਨ। ਇਸ ਤੋਂ ਇਲਾਵਾ 2.08 ਲੱਖ ਵੋਟਰ ਪਹਿਲੀ ਵਾਰ ਆਪਣੇ ਵੋਟਿੰਗ ਹੱਕ ਦੀ ਵਰਤੋਂ ਕਰਨਗੇ। ਦਿੱਲੀ ’ਚ 100 ਸਾਲ ਤੋਂ ਵਧ ਉਮਰ ਵਾਲੇ 830 ਵੋਟਰ ਵੀ ਹਨ। ਉਨ੍ਹਾਂ ਕਿਹਾ ਕਿ ਵੋਟਿੰਗ ਲਈ 13,000 ਤੋਂ ਵਧ ਪੋਲਿੰਗ ਸਟੇਸ਼ਨ ਬਣਾਏ ਜਾਣਗੇ। ਸ੍ਰੀ ਰਾਜੀਵ ਕੁਮਾਰ ਨੇ ਕਿਹਾ ਕਿ ਜੰਮੂ ਕਸ਼ਮੀਰ ਦੇ ਬਡਗਾਮ ਅਤੇ ਨਗਰੋਟਾ ’ਚ ਵੀ ਜ਼ਿਮਨੀ ਚੋਣਾਂ ਤੈਅ ਹਨ ਪਰ ਉਥੇ ਬਰਫ਼ਬਾਰੀ ਅਤੇ ਠੰਢ ਦੇ ਮੌਸਮ ਕਾਰਨ ਚੋਣਾਂ ਬਾਅਦ ’ਚ ਕਰਵਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਉਥੇ ਚੋਣਾਂ ਕਰਾਉਣ ਲਈ ਅਪਰੈਲ ਤੱਕ ਦਾ ਸਮਾਂ ਹੈ। ਮੁੱਖ ਚੋਣ ਕਮਿਸ਼ਨਰ ਨੇ ਕਿਹਾ ਕਿ ਪੱਛਮੀ ਬੰਗਾਲ ਦੇ ਬਸ਼ੀਰਹਾਟ ਅਤੇ ਗੁਜਰਾਤ ਦੇ ਵਿਸਾਵਦਰ ਲੋਕ ਸਭਾ ਹਲਕਿਆਂ ’ਚ ਵੀ ਵੋਟਾਂ ਪੈਣੀਆਂ ਹਨ ਪਰ ਚੋਣ ਪਟੀਸ਼ਨਾਂ ਬਕਾਇਆ ਹੋਣ ਕਰਕੇ ਉਹ ਉਥੇ ਜ਼ਿਮਨੀ ਚੋਣ ਨਹੀਂ ਕਰਵਾ ਸਕਦੇ ਹਨ।




## ਚੀਨ ਨੇ ਮਾਊਂਟ ਐਵਰੈਸਟ ਦੇ ਖੇਤਰਾਂ ਨੂੰ ਸੈਲਾਨੀਆਂ ਲਈ ਬੰਦ ਕੀਤਾ



**ਬੀਜਿੰਗ।** ਚੀਨ ਨੇ ਮੰਗਲਵਾਰ ਨੂੰ ਤਿੱਬਤ ਵਿੱਚ ਆਏ 6.8 ਸ਼ਿੱਦਤ ਦੇ ਭੂਚਾਲ ਤੋਂ ਬਾਅਦ ਮਾਊਂਟ ਐਵਰੈਸਟ ਦੇ ਆਪਣੇ ਹਿੱਸੇ ਦੇ ਖੇਤਰਾਂ ਨੂੰ ਸੈਲਾਨੀਆਂ ਲਈ ਬੰਦ ਕਰ ਦਿੱਤਾ ਹੈ। ਮਾਊਂਟ ਐਵਰੈਸਟ ਨੂੰ ਮਾਊਂਟ ਕਿਊਮੋਲਾਂਗਮਾ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਡਿੰਗਰੀ ਦੁਨੀਆਂ ਦੀ ਸਭ ਤੋਂ ਉੱਚੀ ਚੋਟੀ ਦਾ ਆਧਾਰ ਸ਼ਿਵਿਰ ਹੈ। ਸਥਾਨਕ ਅਧਿਕਾਰੀਆਂ ਅਨੁਸਾਰ ਭੂਚਾਲ ਦੇ ਬਾਅਦ ਕਰਮਚਾਰੀ ਅਤੇ ਸੈਲਾਨੀ ਸੁਰੱਖਿਅਤ ਹਨ। ਸਰਕਾਰੀ ਸਮਾਚਾਰ ਏਜੰਸੀ ਸਿਨਹੂਆ ਨੇ ਡਿੰਗਰੀ ਕਲਚਰ ਐਂਡ ਟੂਰਿਜ਼ਮ ਬਿਊਰੋ ਦਾ ਹਵਾਲਾ ਦਿੰਦੇ ਹੋਏ ਦੱਸਿਆ ਕਿ ਸੁੰਦਰ ਖੇਤਰ ਵਿਚ ਹੋਟਲ ਦੀਆਂ ਇਮਾਰਤਾਂ ਅਤੇ ਆਸਪਾਸ ਦਾ ਖੇਤਰ ਠੀਕ ਠਾਕ ਹੈ। ਹਾਲਾਂਕਿ, ਡਿੰਗਰੀ ਵਿੱਚ ਸਥਿਤ ਚੀਨੀ ਵਿਗਿਆਨ ਅਕਾਦਮੀ ਦੇ ਵਾਇਮੁੰਡਲ ਅਤੇ ਪਰਿਆਵਰਨ ਅਨੁਸੰਧਾਨ ਲਈ ਕਿਊਮੋਲੰਗਮਾ ਸਟੇਸ਼ਨ ਵਿੱਚ ਬਿਜਲੀ ਗੁਲ ਹੈ। ਇਸ ਦੇ ਬਾਵਜੂਦ ਸੁਵਿਧਾਵਾਂ ਚੰਗੀ ਸਥਿਤੀ ਵਿੱਚ ਹਨ।

## ਤਿੱਬਤ ’ਚ ਜ਼ੋਰਦਾਰ ਭੂਚਾਲ ਕਾਰਨ 126 ਮੌਤਾਂ

**ਪੇਈਚਿੰਗ।** ਚੀਨ ’ਚ ਤਿੱਬਤ ਦੀ ਖ਼ੁਦਮੁਖਤਿਆਰੀ ਵਾਲੇ ਇਲਾਕੇ ਦੇ ਸ਼ਹਿਰ ਸ਼ਿਗਾਜ਼ੇ ਵਿੱਚ 6.8 ਦੀ ਸ਼ਿੱਦਤ ਨਾਲ ਭੂਚਾਲ ਆਇਆ, ਜਿਸ ਕਾਰਨ ਜਿੱਥੇ 126 ਵਿਅਕਤੀਆਂ ਦੀ ਮੌਤ ਹੋ ਗਈ, ਉੱਥੇ 188 ਜਣੇ ਜ਼ਖ਼ਮੀ ਹੋ ਗਏ। ਭੂਚਾਲ ਦੇ ਝਟਕੇ ਗੁਆਂਢੀ ਮੁਲਕ ਨੇਪਾਲ ’ਚ ਵੀ ਮਹਿਸੂਸ ਕੀਤੇ ਗਏ। ਖੇਤਰੀ ਆਫ਼ਤ ਪ੍ਰਬੰਧਨ ਮੁੱਖ ਦਫ਼ਤਰ ਮੁਤਾਬਕ ਇਹ ਭੂਚਾਲ ਸ਼ਿਗਾਜ਼ੇ ਦੀ ਡਿੰਗਰੀ ਕਾਊਂਟੀ ’ਚ ਸਵੇਰੇ 9.05 ਵਜੇ ਆਇਆ। ਹਾਲਾਂਕਿ, ਅਮਰੀਕਾ ਦੀ ਜੀਓਲੌਜੀਕਲ ਸਰਵਿਸ ਨੇ ਭੂਚਾਲ ਦੀ ਤੀਬਰਤਾ 7.1 ਦੱਸੀ ਹੈ।

**ਸ਼ਿਗਾਜ਼ੇ ਸ਼ਹਿਰ ’ਚ 6.8 ਦੀ ਸ਼ਿੱਦਤ ਨਾਲ ਆਇਆ ਭੂਚਾਲ; 188 ਵਿਅਕਤੀ ਜ਼ਖ਼ਮੀ**



ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਤੇ ਬਚਾਅ ਕਾਰਜ ਚਲਾਉਣ ਦੇ ਹੁਕਮ ਦਿੱਤੇ ਹਨ। ਭੂਚਾਲ ਮਗਰੋਂ ਚੀਨ ਦੇ ਭੂਚਾਲ ਪ੍ਰਬੰਧਨ ਵਿਭਾਗ ਨੇ ਲੈਵਲ-2 ਦੀ ਐਮਰਜੈਂਸੀ ਸੇਵਾ ਸ਼ੁਰੂ ਕਰਦਿਆਂ ਪ੍ਰਭਾਵਿਤ ਥਾਂ ’ਤੇ ਸਹਾਇਤਾ ਟੀਮ ਭੇਜੀ। ਇਸ ਦੌਰਾਨ, ਸ਼ੀਜ਼ਾਂਗ ਖ਼ੁਦਮੁਖਤਿਆਰ ਖਿੱਤੇ ਨੇ ਵੀ ਭੂਚਾਲ ਮਗਰੋਂ ਲੈਵਲ-2 ਦੀ ਐਮਰਜੈਂਸੀ ਦਾ ਐਲਾਨ ਕੀਤਾ। ਕੇਂਦਰੀ ਅਧਿਕਾਰੀਆਂ ਵੱਲੋਂ ਭੂਚਾਲ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਸਮੱਗਰੀ ਭੇਜੀ ਗਈ ਹੈ। ਫੀਲਡ ਵਿੱਚ 1,500 ਤੋਂ ਵੱਧ ਸਥਾਨਕ ਫਾਇਰ ਫਾਈਟਰ ਤੇ ਬਚਾਅ ਕਾਮੇ ਭੇਜੇ ਗਏ ਹਨ। ਸ਼ਿਗਾਜ਼ੇ (ਜਿਸਨੂੰ ਸ਼ਿਗਸਤੇ ਵਜੋਂ ਵੀ ਜਾਣਿਆ ਜਾਂਦਾ ਹੈ) ਭਾਰਤ ਦੀ ਸਰਹੱਦ ਦੇ ਨੇੜੇ ਹੀ ਸਥਿਤ ਹੈ, ਜਿਸਨੂੰ ਤਿੱਬਤ ਵਿੱਚ ਸਭ ਤੋਂ ਵੱਧ ਧਾਰਮਿਕ ਅਸਥਾਨ ਮੰਨਿਆ ਜਾਂਦਾ ਹੈ। ਇਹ ਪੰਚੇਨ ਲਾਮਾ ਦਾ ਰਵਾਇਤੀ ਸਥਾਨ ਹੈ, ਜਿਨ੍ਹਾਂ ਨੂੰ ਤਿੱਬਤ ਦੇ ਬੁੱਧ ਧਰਮ ਵਿੱਚ ਅਹਿਮ ਸ਼ਖ਼ਸੀਅਤ ਮੰਨਿਆ ਜਾਂਦਾ ਹੈ, ਜਿਨ੍ਹਾਂ ਦਾ ਸਥਾਨ ਦਲਾਈ ਲਾਮਾ ਤੋਂ ਬਾਅਦ ਦੂਜੇ ਨੰਬਰ ’ਤੇ ਆਉਂਦਾ ਹੈ। ਭੂਚਾਲ ਦਾ ਕੇਂਦਰ ਡਿੰਗਰੀ ਕਾਊਂਟੀ ਦਾ ਸੋਗੋ ਕਸਬਾ ਸੀ, ਜਿਸਦੀ ਆਬਾਦੀ ਲਗਪਗ 6,900 ਹੈ ਜੋ ਵੀਹ ਕਿਲੋਮੀਟਰ ਦੇ ਖੇਤਰ ’ਚ ਫੈਲਿਆ ਹੈ, ਜਿਸ ’ਚ 27 ਪਿੰਡ ਆਉਂਦੇ ਹਨ। ਭੂਚਾਲ ਦਾ ਕੇਂਦਰ ਉੱਤਰ-ਪੂਰਬੀ ਨੇਪਾਲ ਦੀ ਖੁੰਬੂ ਹਿਮਾਲਿਆਈ ਰੇਂਜ ’ਚ ਸਥਿਤ ਲੋਬਸਟ ਦੇ 90 ਕਿਲੋਮੀਟਰ ਉੱਤਰ-ਪੂਰਬ ’ਚ ਹੈ।

# ਸੁਪਰੀਮ ਕੋਰਟ ਨੇ ਕੇਂਦਰੀ, ਸੂਬਾ ਸੂਚਨਾ ਕਮਿਸ਼ਨਾਂ ’ਚ ਖਾਲੀ ਪਈਆਂ ਅਸਾਮੀਆਂ ਨੂੰ ਤੁਰੰਤ ਭਰਨ ਦੇ ਦਿੱਤੇ ਹੁਕਮ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਕੇਂਦਰੀ ਸੂਚਨਾ ਕਮਿਸ਼ਨ (ਸੀ.ਆਈ.ਸੀ.) ਅਤੇ ਸੂਬਾ ਸੂਚਨਾ ਕਮਿਸ਼ਨਾਂ (ਐੱਸ.ਆਈ.ਸੀ.) ’ਚ ਖਾਲੀ ਪਈਆਂ ਅਸਾਮੀਆਂ ’ਤੇ ਨਾਰਾਜ਼ਗੀ ਜ਼ਾਹਰ ਕੀਤੀ ਅਤੇ ਕੇਂਦਰ ਨੂੰ ਇਨ੍ਹਾਂ ਨੂੰ ਜਲਦੀ ਭਰਨ ਦੇ ਹੁਕਮ ਦਿੱਤੇ। ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਐਨ. ਕੋਟੀਸ਼ਵਰ ਸਿੰਘ ਦੀ ਬੈਂਚ ਨੇ ਸੀ.ਆਈ.ਸੀ. ’ਚ ਸੂਚਨਾ ਕਮਿਸ਼ਨਰਾਂ ਦੀ ਜਲਦੀ ਚੋਣ ਦਾ ਹੁਕਮ ਦਿੰਦੇ ਹੋਏ ਕੇਂਦਰ ਨੂੰ ਕਿਹਾ, ‘‘ਇਨ੍ਹਾਂ ਅਸਾਮੀਆਂ ਨੂੰ ਜਲਦੀ ਤੋਂ ਜਲਦੀ ਭਰਿਆ ਜਾਣਾ ਚਾਹੀਦਾ ਹੈ, ਨਹੀਂ ਤਾਂ ਇਸ ਸੰਸਥਾ ਦੇ ਹੋਣ ਦਾ ਕੀ ਫਾਇਦਾ ਹੈ, ਜੇ ਸਾਡੇ ਕੋਲ ਕੰਮ ਕਰਨ ਵਾਲੇ ਲੋਕ ਹੀ ਨਹੀਂ ਹਨ?’’ ਬੈਂਚ ਨੇ ਸੀ.ਆਈ.ਸੀ. ਅਤੇ ਐਸ.ਆਈ.ਸੀ. ’ਚ ਸਿਰਫ ਇਕ ਵਿਸ਼ੇਸ਼ ਸ਼੍ਰੇਣੀ ਦੇ ਉਮੀਦਵਾਰਾਂ ਦੀ ਨਿਯੁਕਤੀ ਦੀ ਆਲੋਚਨਾ ਕੀਤੀ ਅਤੇ ਇਨ੍ਹਾਂ ਕਮਿਸ਼ਨਾਂ ’ਚ ਜੀਵਨ ਦੇ ਸਾਰੇ ਖੇਤਰਾਂ ਦੇ ਲੋਕਾਂ ਦੀ ਬਜਾਏ ਨੌਕਰਸ਼ਾਹਾਂ ਦੀ ਮੌਜੂਦਗੀ ਦਾ



ਨਿਆਂਇਕ ਨੋਟਿਸ ਲੈਣ ’ਤੇ ਵਿਚਾਰ ਕੀਤਾ। ਜਸਟਿਸ ਸੂਰੀਆਕਾਂਤ ਨੇ ਕਿਹਾ, ‘‘ਅਸੀਂ ਇਸ ਤੱਥ ਦਾ ਨਿਆਂਇਕ ਨੋਟਿਸ ਲੈ ਸਕਦੇ ਹਾਂ ਕਿ ਇਨ੍ਹਾਂ ਕਮਿਸ਼ਨਾਂ ਵਿਚ ਸਿਰਫ ਇਕ ਸ਼੍ਰੇਣੀ ਦੇ ਲੋਕ ਹਨ। ਸਿਰਫ ਨੌਕਰਸ਼ਾਹਾਂ ਦੀ ਨਿਯੁਕਤੀ ਕਿਉਂ ਕੀਤੀ ਜਾਣੀ ਚਾਹੀਦੀ ਹੈ ਅਤੇ ਵੱਖ-ਵੱਖ ਖੇਤਰਾਂ ਦੇ ਲੋਕਾਂ ਨੂੰ ਨਿਯੁਕਤ ਕਿਉਂ ਨਹੀਂ ਕੀਤਾ ਜਾਣਾ ਚਾਹੀਦਾ? ਅਸੀਂ ਇਸ ’ਤੇ ਹੋਰ ਕੁੱਝ ਨਹੀਂ ਕਹਿਣਾ ਚਾਹੁੰਦੇ, ਪਰ ਇਸ ’ਤੇ ਧਿਆਨ ਦੇਣ ਦੀ ਜ਼ਰੂਰਤ ਹੈ।’’ ਪਟੀਸ਼ਨਕਰਤਾ ਅੰਜਲੀ ਭਾਰਦਵਾਜ ਅਤੇ ਹੋਰਾਂ ਵਲੋਂ ਪੇਸ਼ ਹੋਏ ਸੀਨੀਅਰ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਕਿਹਾ ਕਿ 2019 ’ਚ ਸੁਪਰੀਮ ਕੋਰਟ ਨੇ ਸੀ.ਆਈ.ਸੀ. ਅਤੇ ਐਸ.ਆਈ.ਸੀ. ’ਚ ਖਾਲੀ ਪਈਆਂ ਅਸਾਮੀਆਂ ਨੂੰ ਭਰਨ ਦੇ ਹੁਕਮ ਜਾਰੀ ਕੀਤੇ ਸਨ, ਪਰ ਸੂਬਿਆਂ ਨੇ ਚੋਣ ਪ੍ਰਕਿਰਿਆ ’ਚ ਦੇਰੀ ਕੀਤੀ ਅਤੇ ਸੂਚਨਾ ਦੇ ਅਧਿਕਾਰ ਕਾਨੂੰਨ ਨੂੰ ਲਗਭਗ ਕਮਜ਼ੋਰ ਕਰ ਦਿਤਾ।

## ਅਸਾਮ ’ਚ 300 ਫੁੱਟ ਡੂੰਘੀ ਕੋਲੇ ਦੀ ਖਾਨ ’ਚ ਭਰਿਆ ਪਾਣੀ, 15 ਮਜ਼ਦੂਰ ਫਸੇ

**ਅਸਾਮ।** ਅਸਾਮ ਦੇ ਦੀਮਾ ਹਸਾਓ ਜ਼ਿਲ੍ਹੇ ਵਿਚ ਉਮਰਾਂਗਸੋ ਵਿਚ 300 ਫੁਟ ਡੂੰਘੀ ਕੋਲੇ ਦੀ ਖਾਣ ਵਿਚ ਸੋਮਵਾਰ ਨੂੰ ਅਚਾਨਕ ਪਾਣੀ ਭਰ ਗਿਆ, ਜਿਸ ਨਾਲ 15 ਮਜ਼ਦੂਰ ਅੰਦਰ ਫਸ ਗਏ। ਹੁਣ ਇਨ੍ਹਾਂ ਮਜ਼ਦੂਰਾਂ ਨੂੰ ਬਚਾਉਣ ਲਈ ਭਾਰਤੀ ਫ਼ੌਜ ਤਾਇਨਾਤ ਕਰ ਦਿਤੀ ਗਈ ਹੈ। NDRF ਅਤੇ SDRF ਦੀਆਂ ਟੀਮਾਂ ਵੀ ਮਦਦ ਕਰ ਰਹੀਆਂ ਹਨ। ਅਸਾਮ ਦੇ ਮਾਈਨਿੰਗ ਮੰਤਰੀ ਕੌਸ਼ਿਕ ਰਾਏ ਮੌਕੇ ’ਤੇ ਮੌਜੂਦ ਹਨ। ਇੰਜਨੀਅਰ ਟਾਸਕ ਫ਼ੋਰਸ ਦੇ ਨਾਲ ਗੋਤਾਖੋਰ ਅਤੇ ਭਾਰਤੀ ਫ਼ੌਜ ਅਤੇ ਅਸਾਮ ਰਾਈਫ਼ਲਜ਼ ਦੀਆਂ ਮੈਡੀਕਲ ਟੀਮਾਂ ਬਚਾਅ ਵਿਚ ਸ਼ਾਮਲ ਹੋ ਗਈਆਂ ਹਨ। ਰਿਪੋਰਟਾਂ ਮੁਤਾਬਕ ਇਹ ਰੈਟ ਮਾਈਨਿੰਗ ਦੀ



ਖਾਨ ਹੈ। ਇਸ ’ਚ 100 ਫੁਟ ਤਕ ਪਾਣੀ ਨਾਲ ਭਰ ਗਿਆ, ਜਿਸ ਨੂੰ ਦੋ ਮੋਟਰਾਂ ਦੀ ਮਦਦ ਨਾਲ ਹਟਾਇਆ ਜਾ ਰਿਹਾ ਹੈ। ਦੀਮਾ ਹਸਾਓ ਜ਼ਿਲ੍ਹੇ ਦੇ ਐਸ.ਪੀ ਮਯੰਕ ਝਾਅ ਨੇ ਦਸਿਆ ਕਿ ਖਾਨ ਵਿਚ ਕਈ ਮਜ਼ਦੂਰਾਂ ਦੇ ਫਸੇ ਹੋਣ ਦਾ ਖ਼ਦਸ਼ਾ ਹੈ। ਚਸ਼ਮਦੀਦਾਂ ਦੇ ਬਿਆਨਾਂ ਅਨੁਸਾਰ ਅਚਾਨਕ ਪਾਣੀ ਆ ਗਿਆ, ਜਿਸ ਕਾਰਨ ਮਜ਼ਦੂਰ ਖਾਨ ਵਿਚੋਂ ਬਾਹਰ ਨਹੀਂ ਆ ਸਕੇ। ਐਮਰਜੈਂਸੀ ਰਿਸਪਾਂਸ ਟੀਮ, ਸਥਾਨਕ ਅਧਿਕਾਰੀਆਂ ਅਤੇ ਮਾਈਨਿੰਗ ਮਾਹਿਰਾਂ ਦੀਆਂ ਟੀਮਾਂ ਨਾਲ ਬਚਾਅ ਕਾਰਜ ਸ਼ੁਰੂ ਕਰ ਦਿਤੇ ਗਏ ਹਨ। ਖਾਨ ਵਿਚ ਫਸੇ ਮਜ਼ਦੂਰਾਂ ਦਾ ਪਤਾ ਲਗਾਇਆ ਜਾ ਰਿਹਾ ਹੈ।

## ਸੜਕ ਹਾਦਸਿਆਂ 'ਤੇ ਸ਼ੁਰੂ ਹੋਵੇਗੀ 'ਕੈਸ਼ਲੈੱਸ ਸਕੀਮ', ਇਲਾਜ ਦਾ ਖਰਚਾ ਚੁੱਕੇਗੀ ਸਰਕਾਰ, ਨਿਤਿਨ ਗਡਕਰੀ ਨੇ ਦੱਸਿਆ ਕਿਵੇਂ ਹੋਵੇਗਾ ਕੰਮ

**ਨਵੀਂ ਦਿੱਲੀ:** ਟਰਾਂਸਪੋਰਟ ਮੰਤਰੀ ਨਿਤਿਨ ਗਡਕਰੀ ਨੇ 7 ਜਨਵਰੀ ਨੂੰ 27 ਰਾਜਾਂ ਦੇ ਮੰਤਰੀਆਂ ਨਾਲ 17 ਵਿਸ਼ਿਆਂ 'ਤੇ ਚਰਚਾ ਕੀਤੀ। ਟਰਾਂਸਪੋਰਟ ਸੈਕਟਰ ਨੂੰ ਗਲੋਬਲ ਪੱਧਰ 'ਤੇ ਕਿਵੇਂ ਬਣਾਇਆ ਜਾਵੇ ਇਸ 'ਤੇ ਚਰਚਾ ਹੋਈ। 2024 ਦੇ ਅੰਕੜਿਆਂ ਅਨੁਸਾਰ 1.80 ਲੱਖ ਲੋਕ ਸੜਕ ਹਾਦਸਿਆਂ ਵਿੱਚ ਮਾਰੇ ਗਏ ਹਨ। ਇਨ੍ਹਾਂ ਵਿੱਚ ਜ਼ਿਆਦਾਤਰ ਨੌਜਵਾਨ ਸਨ। ਸਕੂਲਾਂ ਦੇ ਸਾਹਮਣੇ ਢੁਕਵੇਂ ਪ੍ਰਬੰਧ ਨਾ ਹੋਣ ਕਾਰਨ ਕਈ ਬੱਚਿਆਂ ਦੀ ਮੌਤ ਵੀ ਹੋ ਗਈ। ਇਸ ਮੀਟਿੰਗ ਵਿੱਚ ਸੜਕ ਸੁਰੱਖਿਆ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ। ਇਸ ਤੋਂ ਇਲਾਵਾ ਹਾਦਸਿਆਂ ਦੀ ਸੂਰਤ ਵਿੱਚ ਕੈਸ਼ਲੈਸ ਸਕੀਮ ਸ਼ੁਰੂ ਕੀਤੀ ਗਈ ਹੈ। ਜਿਵੇਂ ਹੀ ਪੁਲਿਸ ਨੂੰ ਹਾਦਸੇ ਦੇ 24 ਘੰਟਿਆਂ ਦੇ ਅੰਦਰ ਸੂਚਨਾ ਮਿਲਦੀ ਹੈ, ਸਰਕਾਰ ਜ਼ਖਮੀ ਵਿਅਕਤੀ



ਦੇ 7 ਦਿਨਾਂ ਜਾਂ ਡੇਢ ਲੱਖ ਰੁਪਏ ਤੱਕ ਦੇ ਇਲਾਜ ਦਾ ਖਰਚਾ ਅਦਾ ਕਰੇਗੀ। ਜੇਕਰ ਵਿਅਕਤੀ ਦੀ ਮੌਤ ਹੋ ਜਾਂਦੀ ਹੈ ਤਾਂ ਉਸ ਦੇ ਪਰਿਵਾਰ ਨੂੰ 2 ਲੱਖ ਰੁਪਏ ਦਿੱਤੇ ਜਾਣਗੇ। ਸਕ੍ਰੈਪਿੰਗ ਨੀਤੀ ਬਾਰੇ ਵੀ ਵਿਸਥਾਰ ਨਾਲ ਚਰਚਾ ਕੀਤੀ ਗਈ। ਜੇਕਰ ਤੁਹਾਡੇ ਕੋਲ ਵਾਹਨ ਖਰੀਦਦੇ ਸਮੇਂ ਸਕ੍ਰੈਪਿੰਗ ਸਰਟੀਫਿਕੇਟ ਹੈ, ਤਾਂ ਤੁਹਾਨੂੰ ਰਜਿਸਟ੍ਰੇਸ਼ਨ 'ਤੇ 50 ਫੀਸਦੀ ਯਾਨੀ 50,000 ਰੁਪਏ ਤੱਕ ਦੀ ਛੋਟ ਮਿਲੇਗੀ। ਇਸ ਤੋਂ ਇਲਾਵਾ ਨਿਰਮਾਤਾ 1.5-3 ਫੀਸਦੀ ਦੀ ਸਹੂਲਤ ਵੀ ਦੇਣਗੇ। ਸਕਰੈਪਿੰਗ ਦੇ ਫਾਇਦੇ ਹਨ, ਜਿਸ ਕਾਰਨ ਸਕਰੈਪਿੰਗ ਸੈਂਟਰ ਸ਼ੁਰੂ ਕੀਤੇ ਗਏ ਹਨ। ਜੇਕਰ ਸੂਬਾ ਸਰਕਾਰ ਆਪਣੀਆਂ ਬੱਸਾਂ, ਟਰੱਕਾਂ ਜਾਂ ਵਾਹਨਾਂ ਨੂੰ ਸਕ੍ਰੈਪ ਕਰਦੀ ਹੈ ਤਾਂ ਇਸ ਦਾ ਉਨ੍ਹਾਂ ਨੂੰ ਵੀ ਫਾਇਦਾ ਹੋਵੇਗਾ। ਇਹ ਇੱਕ ਸਰਕੂਲੇਸ਼ਨ ਆਰਥਿਕਤਾ ਪੈਦਾ ਕਰੇਗਾ. ਨਵੀਆਂ ਨੌਕਰੀਆਂ ਪੈਦਾ ਹੋਣਗੀਆਂ। ਜੀਐਸਟੀ ਵਿੱਚ ਕਰੀਬ 18 ਹਜ਼ਾਰ ਕਰੋੜ ਰੁਪਏ ਦਾ ਵਾਧਾ ਹੋਵੇਗਾ। ਸਾਡਾ ਆਟੋਮੋਬਾਈਲ ਉਦਯੋਗ ਹੁਣ ਜਾਪਾਨ ਤੋਂ ਵੀ ਅੱਗੇ ਹੋ ਗਿਆ ਹੈ, ਜੋ 22 ਲੱਖ ਕਰੋੜ ਰੁਪਏ ਤੱਕ ਪਹੁੰਚ ਗਿਆ ਹੈ। ਦੇਸ਼ 'ਚ ਕਰੀਬ 22 ਲੱਖ ਡਰਾਈਵਰਾਂ ਦੀ ਕਮੀ ਹੈ, ਜਿਸ ਦੇ ਮੱਦੇਨਜ਼ਰ ਨਵੀਂ ਨੀਤੀ ਬਣਾਈ ਗਈ ਹੈ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਫ਼ਾਜ਼ਿਲਕਾ ਦੀ ਧੀ ਪ੍ਰਿਅੰਕਾ ਨੇ ਚਮਕਾਇਆ ਮਾਪਿਆਂ ਦਾ ਨਾਂ, ਪੰਜਾਬ ਮਹਿਲਾ ਅੰਡਰ-23 ਕ੍ਰਿਕੇਟ ਟੀਮ ਦੀ ਬਣੀ ਕਪਤਾਨ

**ਫਾਜ਼ਿਲਕਾ।** ਫਾਜ਼ਿਲਕਾ ਦੇ ਲਾਲ ਬੱਤੀ ਚੌਕ ਨੇੜੇ ਆਂਡੇ ਦਾ ਸਟਾਲ ਚਲਾਉਣ ਵਾਲੇ ਟੇਕਚੰਦ ਉਰਫ ਬਬਲੀ ਨਾਂ ਦੇ ਵਿਅਕਤੀ ਦੀ ਧੀ ਨੂੰ ਪੰਜਾਬ ਕ੍ਰਿਕਟ ਟੀਮ ਦਾ ਕਪਤਾਨ ਚੁਣਿਆ ਗਿਆ ਹੈ, ਜਿਸ ਤੋਂ ਬਾਅਦ ਉਨ੍ਹਾਂ ਦੇ ਸਟਾਲ 'ਤੇ ਆਉਣ ਵਾਲੇ ਲੋਕਾਂ ਨੇ ਬਬਲੀ ਨੂੰ ਵਧਾਈਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਹਨ, ਉਸ ਨੇ ਸਿਰਫ਼ ਫਾਜ਼ਿਲਕਾ ਹੀ ਨਹੀਂ ਸਗੋਂ ਪੂਰੇ ਪੰਜਾਬ ਦਾ ਨਾਂ ਰੌਸ਼ਨ ਕੀਤਾ ਹੈ, ਉਸ ਨੇ ਹਾਲ ਹੀ 'ਚ ਰਾਜਕੋਟ 'ਚ ਹੋਏ ਪਹਿਲੇ ਮੈਚ 'ਚ ਵੀ ਜਿੱਤ ਦਰਜ ਕੀਤੀ ਹੈ। ਜਾਣਕਾਰੀ ਦਿੰਦੇ ਹੋਏ ਪ੍ਰਿਯੰਕਾ ਦੇ ਪਿਤਾ ਟੇਕਚੰਦ ਉਰਫ਼ ਬਬਲੀ ਰੇਵਾੜੀਆ ਨੇ ਦੱਸਿਆ ਕਿ ਉਨ੍ਹਾਂ ਦੀ ਧੀ ਪ੍ਰਿਅੰਕਾ ਨੂੰ ਬਚਪਨ ਤੋਂ ਹੀ ਕ੍ਰਿਕਟ ਖੇਡਣ ਦਾ ਸ਼ੌਕ ਸੀ,



ਜਿਸ ਨੂੰ ਫਾਜ਼ਿਲਕਾ ਦੇ ਕੋਚ ਅਰਪਿਤ ਨੇ ਐਸੋਸਿਏਸ਼ਨ ਵੱਲੋਂ ਕ੍ਰਿਕੇਟ ਸਿਖਾ ਕੇ ਉਸ ਦੇ ਸ਼ੌਕ ਨੂੰ ਪੂਰਾ ਕੀਤਾ ਅਤੇ ਉਸ ਨੂੰ ਕ੍ਰਿਕੇਟ ਦਾ ਮਾਹਿਰ ਬਣਾਇਆ। ਫਰੀਦਕੋਟ ਵਿੱਚ ਪੜ੍ਹਦਿਆਂ ਮੋਗਾ ਕ੍ਰਿਕੇਟ ਐਸੋਸੀਏਸ਼ਨ 'ਚ ਸ਼ਾਮਲ ਹੋਈ। ਜਿਸ ਤੋਂ ਬਾਅਦ ਉਸਨੇ ਮੋਗਾ ਕ੍ਰਿਕਟ ਐਸੋਸੀਏਸ਼ਨ, ਬਰਨਾਲਾ 'ਚ ਆਪਣੀ ਪੜ੍ਹਾਈ ਦੌਰਾਨ ਬਰਨਾਲਾ ਕ੍ਰਿਕਟ ਐਸੋਸੀਏਸ਼ਨ ਨਾਲ ਖੇਡ ਕੇ ਖੇਡ ਪ੍ਰਤੀ ਆਪਣਾ ਜਨੂੰਨ ਸਾਬਤ ਕੀਤਾ।

## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਡਰੱਗ ਨੂੰ ਲੈ ਕੇ ਪੁਲਿਸ ਦੀ ਵੱਡੀ ਕਾਰਵਾਈ, 5 ਕਿਲੋ ਹੈਰੋਇਨ ਸਮੇਤ ਚਾਰ ਵਿਅਕਤੀ ਕਾਬੂ



**ਚੰਡੀਗੜ੍ਹ/ਅੰਮ੍ਰਿਤਸਰ:** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਨਸ਼ਿਆਂ ਵਿਰੁੱਧ ਵਿੱਢੀ ਜਾ ਰਹੀ ਜੰਗ ਦੌਰਾਨ ਇਕ ਵੱਡੀ ਸਫਲਤਾ ਹਾਸਲ ਕਰਦੇ ਹੋਏ ਕਮਿਸ਼ਨਰੇਟ ਪੁਲਿਸ ਅੰਮ੍ਰਿਤਸਰ ਨੇ ਨਸ਼ਾ ਤਸਕਰੀ ਕਰਨ ਵਾਲੇ ਗਿਰੋਹ ਨੂੰ ਨੱਥ ਪਾ ਕੇ ਇਕ ਔਰਤ ਸਮੇਤ ਚਾਰ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਦੇ ਕਬਜ਼ੇ 'ਚੋਂ 5 ਕਿਲੋ ਹੈਰੋਇਨ ਬਰਾਮਦ ਕੀਤੀ ਹੈ। ਪੰਜਾਬ ਦੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਗੌਰਵ ਯਾਦਵ ਨੇ ਮੰਗਲਵਾਰ ਨੂੰ ਇੱਥੇ ਇਹ ਜਾਣਕਾਰੀ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਗੁਰਪ੍ਰੀਤ ਸਿੰਘ ਉਰਫ਼ ਗੋਪੀ (19) ਅਤੇ ਬਲਜੀਤ ਕੌਰ (32) ਦੋਵੇਂ ਵਾਸੀ ਪਿੰਡ ਮੁਠਿਆਵਾਲ ਜ਼ਿਲ੍ਹਾ ਤਰਨਤਾਰਨ ਵਜੋਂ ਹੋਈ ਹੈ। ਤਰਨਤਾਰਨ ਦੇ ਭਿੱਖੀਵਿੰਡ ਦੇ ਰਹਿਣ ਵਾਲੇ ਮਨਿੰਦਰ ਸਿੰਘ (34) ਅਤੇ ਅੰਮ੍ਰਿਤਸਰ ਦੇ ਪਿੰਡ ਲੋਧੀ ਗੁੱਜਰਾਂ ਦੇ ਰਹਿਣ ਵਾਲੇ ਹਰਪ੍ਰੀਤ ਸਿੰਘ (26) ਸ਼ਾਮਲ ਹਨ। ਪੁਲਿਸ ਟੀਮਾਂ ਨੇ ਹੈਰੋਇਨ ਬਰਾਮਦ ਕਰਨ ਤੋਂ ਇਲਾਵਾ ਦੋ ਮੋਟਰਸਾਈਕਲ ਵੀ ਜ਼ਬਤ ਕੀਤੇ ਹਨ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਸਾਰੇ ਮੁਲਜ਼ਮ ਪਾਕਿਸਤਾਨ ਸਥਿਤ ਸਮੱਗਲਰਾਂ ਦੇ ਸਿੱਧੇ ਸੰਪਰਕ ਵਿੱਚ ਸਨ ਅਤੇ ਸਰਹੱਦ ਪਾਰੋਂ ਨਸ਼ਿਆਂ ਦੀ ਖੇਪ ਪ੍ਰਾਪਤ ਕਰ ਰਹੇ ਸਨ। ਜਾਂਚ ਤੋਂ ਪਤਾ ਲੱਗਾ ਹੈ ਕਿ ਡਰੋਨ ਦੀ ਮਦਦ ਨਾਲ ਖੇਪ ਸੁੱਟੀ ਜਾ ਰਹੀ ਸੀ। ਡੀਜੀਪੀ ਨੇ ਕਿਹਾ ਕਿ ਇਸ ਮਾਮਲੇ ਵਿੱਚ ਪਿਛੜੇ ਅਤੇ ਅਗਾਂਹਵਧੂ ਸਬੰਧਾਂ ਨੂੰ ਸਥਾਪਤ ਕਰਨ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਅਤੇ ਬਰਾਮਦਗੀ ਦੀ ਸੰਭਾਵਨਾ ਹੈ।

ਆਪ੍ਰੇਸ਼ਨ ਦੇ ਵੇਰਵੇ ਸਾਂਝੇ ਕਰਦਿਆਂ ਪੁਲਿਸ ਕਮਿਸ਼ਨਰ (ਸੀ.ਪੀ.) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਭਰੋਸੇਯੋਗ ਸੂਚਨਾ 'ਤੇ ਕਾਰਵਾਈ ਕਰਦੇ ਹੋਏ ਸੀਆਈਏ ਸਟਾਫ-1 ਦੀ ਨਿਗਰਾਨੀ ਹੇਠ ਡੀਸੀਪੀ ਹਰਪ੍ਰੀਤ ਸਿੰਘ ਮੰਡੇਰ, ਏਡੀਸੀਪੀ ਇਨਵੈਸਟੀਗੇਸ਼ਨ ਨਵਜੋਤ ਸਿੰਘ ਅਤੇ ਏਸੀਪੀ ਡਿਟੈਕਟਿਵ ਕੁਲਦੀਪ ਸਿੰਘ ਦੀ ਅਗਵਾਈ ਵਿੱਚ ਇੱਕ ਪੁਲੀਸ ਟੀਮ ਨੇ ਛਾਪੇਮਾਰੀ ਕੀਤੀ। ਇੰਚਾਰਜ ਇੰਸਪੈਕਟਰ ਅਮੋਲਕਦੀਪ ਸਿੰਘ ਨੇ ਟਾਰਗੇਟ ਆਪ੍ਰੇਸ਼ਨ ਕਰਕੇ ਇਲਾਕੇ 'ਚੋਂ ਗੁਰਪ੍ਰੀਤ ਸਿੰਘ ਅਤੇ ਬਲਜੀਤ ਕੌਰ ਨੂੰ ਕਾਬੂ ਕੀਤਾ ਡ ਗੁਰੂ ਕੀ ਵਡਾਲੀ ਤੋਂ ਇਸ ਸਾਲ 1 ਜਨਵਰੀ ਨੂੰ 3 ਕਿਲੋ ਹੈਰੋਇਨ ਸਮੇਤ ਕਾਬੂ ਇਹ ਖੁਲਾਸਾ ਹੋਇਆ ਕਿ ਗੁਰਪ੍ਰੀਤ ਸਿੰਘ ਉਰਫ ਗੋਪੀ ਅਤੇ ਬਲਜੀਤ ਕੌਰ ਭਤੀਜੇ ਅਤੇ ਮਾਸੀ ਵਜੋਂ ਰਿਸ਼ਤੇਦਾਰ ਹਨ। ਬਲਜੀਤ ਕੌਰ ਦੇ ਪਤੀ ਬਲਬੀਰ ਸਿੰਘ ਨੂੰ 2022 ਵਿੱਚ ਰਾਜਸਥਾਨ ਦੇ ਸ੍ਰੀ ਗੰਗਾਨਗਰ ਦੇ ਹਿੰਦੂਮਲਕੋਟ ਥਾਣੇ ਵੱਲੋਂ ਐਨਡੀਪੀਐਸ ਐਕਟ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿੱਥੋਂ ਉਸ ਕੋਲੋਂ 5 ਕਿਲੋ ਹੈਰੋਇਨ ਬਰਾਮਦ ਹੋਈ ਸੀ। ਉਹ ਇਸ ਸਮੇਂ ਰਾਜਸਥਾਨ ਦੀ ਕਰਨਪੁਰ ਜੇਲ੍ਹ ਵਿੱਚ ਬੰਦ ਹੈ।

ਸੀਪੀ ਨੇ ਕਿਹਾ ਕਿ ਸਪਲਾਇਰਾਂ, ਡੀਲਰਾਂ ਅਤੇ ਖਰੀਦਦਾਰਾਂ ਦੇ ਸਮੁੱਚੇ ਨੈਟਵਰਕ ਦਾ ਪਰਦਾਫਾਸ਼ ਕਰਨ ਦੇ ਨਾਲ-ਨਾਲ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੁਆਰਾ ਹੁਣ ਤੱਕ ਖਰੀਦੇ ਗਏ ਨਸ਼ੀਲੇ ਪਦਾਰਥਾਂ ਦੀ ਕੁੱਲ ਮਾਤਰਾ ਦਾ ਪਤਾ ਲਗਾਉਣ ਲਈ ਯਤਨ ਕੀਤੇ ਜਾ ਰਹੇ ਹਨ। ਐਫਆਈਆਰ ਨੰਬਰ 1, ਮਿਤੀ 1 ਜਨਵਰੀ, 2025 ਨੂੰ ਛੇਹਰਟਾ ਪੁਲਿਸ ਸਟੇਸ਼ਨ, ਅੰਮ੍ਰਿਤਸਰ ਵਿਖੇ ਐਨ.ਡੀ.ਪੀ.ਐਸ. ਐਕਟ ਦੀ ਧਾਰਾ 21(ਸੀ), 23, ਅਤੇ 29/61/85 ਤਹਿਤ ਕੇਸ ਦਰਜ ਕੀਤਾ ਗਿਆ ਹੈ।

# ਕਿਸਾਨਾਂ ਦਾ ਵੱਡਾ ਐਲਾਨ,13 ਜਨਵਰੀ ਨੂੰ ਨਵੀਂ ਖੇਤੀ ਨੀਤੀ ਦੀ ਡਰਾਫ਼ਟ ਕਾਪੀ ਤੇ ਕੇਂਦਰ ਦੇ ਸਾੜੇ ਜਾਣਗੇ ਪੁਤਲੇ

## 26 ਜਨਵਰੀ ਨੂੰ ਦੇਸ਼ ਭਰ 'ਚ ਕੀਤਾ ਜਾਵੇਗਾ ਟਰੈਕਟਰ ਮਾਰਚ

**ਖਨੌਰੀ।** ਅੱਜ ਖਨੌਰੀ ਬਾਰਡਰ 'ਤੇ ਜਗਜੀਤ ਸਿੰਘ ਡੱਲੇਵਾਲ ਦੀ ਸਿਹਤ ਨੂੰ ਲੈ ਕੇ ਡਾਕਟਰਾਂ ਨੇ ਅਹਿਮ ਕਾਨਫ਼ਰੰਸ ਕੀਤੀ ਹੈ। ਇਸ ਕਾਨਫ਼ਰੰਸ ਦੌਰਾਨ ਡਾ. ਅਵਤਾਰ ਸਿੰਘ ਨੇ ਦੱਸਿਆ ਕਿ ਡੱਲੇਵਾਲ ਜੀ 43 ਦਿਨਾਂ ਤੋਂ ਮਰਨ ਵਰਤ 'ਤੇ ਬੈਠੇ ਹਨ ਉਨ੍ਹਾਂ ਦੀ ਸਿਹਤ ਕੱਲ ਅਚਾਨਕ ਇਕ ਦਮ ਖ਼ਰਾਬ ਹੋ ਗਈ ਸੀ ਉਨ੍ਹਾਂ ਨੇ ਅੱਧਾ ਪੌਣਾ ਘੰਟਾ ਬਿਲਕੁਲ ਹੀ ਜਵਾਬ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਇਵੇਂ ਲੱਗਿਆ ਜਿਵੇਂ ਕਿ ਉਹ ਆਪਣਾ ਸਾਥ ਛੱਡ ਗਏ। ਉਨ੍ਹਾਂ ਦੱਸਿਆ ਕਿ ਮਨੀਟਰੀ 'ਚ ਰੀਡਿੰਗ ਆਉਣੀ ਵੀ ਬੰਦ ਹੋ ਗਈ ਸੀ। ਉਨ੍ਹਾਂ ਕਿਹਾ ਕਿ ਬਲੱਡ ਪ੍ਰੈਸ਼ਰ ਬਹੁਤ ਘੱਟ ਗਿਆ ਸੀ। ਡਾ ਅਵਤਾਰ ਸਿੰਘ ਨੇ ਦੱਸਿਆ ਕਿ ਡੱਲੇਵਾਲ ਜੀ ਨੇ ਸਾਫ਼ ਕਹਿ ਦਿੱਤਾ ਸੀ ਕਿ ਮੈਂ ਭਾਵੇਂ ਮੇਰੀ ਜਾਨ ਚਲੀ ਮੇਰਾ ਕੋਈ ਵੀ ਟਰੀਟਮੈਂਟ ਨਹੀਂ ਕਰਨਾ। ਉਨ੍ਹਾਂ ਕਿਹਾ ਡੱਲੇਵਾਲ ਦੀ ਸਿਹਤ ਦੀ ਚਿੰਤਾ 'ਚ ਸਾਰੀ ਰਾਤ ਡਾ. ਸੈਵਮਾਨ ਸਾਡੇ ਨਾਲ ਜੁੜੇ ਰਹੇ। ਹਰਿਆਣਾ ਦੇ ਕਿਸਾਨ ਆਗੂ ਅਭਿਮਾਨਿਊ ਕੋਹਾੜ ਨੇ ਕਿਹਾ ਕਿ ਜੇਕਰ ਡੱਲੇਵਾਲ ਜੀ



ਨਾਲ ਕੋਈ ਅਣਹੋਣੀ ਹੋ ਗਈ ਤਾਂ ਸ਼ਾਇਦ ਕੇਂਦਰ ਸਰਕਾਰ ਦੇ ਕੰਟਰੋਲ 'ਚ ਸਥਿਤੀ ਨਹੀਂ ਰਹੇਗੀ। ਕੇਂਦਰ ਸਰਕਾਰ ਨੂੰ ਇਹ ਯਤਨ ਕਰਨਾ ਚਾਹੀਦਾ ਹੈ ਕਿ ਸਥਿਤੀ ਉਥੇ ਤੱਕ ਨਾ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਡੱਲੇਵਾਲ ਨੂੰ ਕੁਝ ਹੋ ਗਿਆ ਤਾਂ ਮੌਜੂਦ ਸਰਕਾਰ ਦੇ ਕਾਰਜ ਕਾਲ 'ਤੇ ਅਜਿਹਾ ਧੱਬਾ ਲੱਗ ਜਾਵੇਗਾ, ਸ਼ਾਇਦ ਜਿਸ ਨੂੰ ਕੇਂਦਰ ਸਰਕਾਰ ਕਦੇ ਸਾਫ਼ ਨਹੀਂ ਕਰ ਸਕਦੀ। ਕੋਹਾੜ ਨੇ ਕਿਹਾ ਕਿ ਉਹ ਵੀ ਨਹੀਂ ਚਾਹੁੰਦੇ ਹੋਣਗੇ ਕਿ ਉਨ੍ਹਾਂ 'ਤੇ ਅਜਿਹਾ ਧੱਬਾ ਨਾ ਲੱਗੇ। ਅੱਗੇ ਕੋਹਾੜ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਤਾਂ ਕਦੇ ਅੰਗਰੇਜ਼ਾਂ ਦੇ ਸਮੇਂ ਵੀ ਨਹੀਂ ਹੋਇਆ ਨਾ ਆਜ਼ਾਦੀ ਦੇ ਬਾਅਦ ਵੀ ਨਹੀਂ ਹੋਇਆ ਕਿ ਕੋਈ ਵਿਅਕਤੀ ਇੰਨੇ ਵੱਡੇ ਜਨ ਸਮਰਥਨ ਦੇ ਨਾਲ ਭੁੱਖ ਹੜਤਾਲ 'ਤੇ ਬੈਠਾ ਹੋਇਆ ਹੈ ਅਤੇ ਸਰਕਾਰ ਉਨ੍ਹਾਂ ਦੀਆਂ ਗੱਲਾਂ 'ਤੇ ਕੋਈ ਗੌਰ ਨਹੀਂ ਕਰਦੀ।

13 ਜਨਵਰੀ ਕੇਂਦਰ ਸਰਕਾਰ ਲਈ ਬਹੁਤ ਮਾੜਾ ਦਿਨ ਹੋਵੇਗਾ। ਕੇਂਦਰ ਸਰਕਾਰ ਵਲੋਂ ਨਵੀਂ ਖੇਤੀ ਨੀਤੀ ਦਾ ਡਰਾਫ਼ਟ ਲਿਆਂਦਾ ਗਿਆ ਹੈ। ਉਸ ਨੂੰ ਦੇਸ਼ ਭਰ ਵਿਚ ਡਰਾਫ਼ਟ ਨੂੰ ਸਾੜਨ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਉਨ੍ਹਾਂ ਕਿਹਾ ਕਿ 26 ਜਨਵਰੀ ਨੂੰ ਦੇਸ਼ ਭਰ ਵਿਚ ਟਰੈਕਟਰ ਮਾਰਚ ਵੀ ਕੀਤਾ ਜਾਵੇਗਾ। ਉਨ੍ਹਾਂ ਗੱਲਬਾਤ ਕਰਦੇ ਹੋਏ ਕਿਹਾ ਕਿ ਇਸ ਪ੍ਰੋਗਰਾਮ ਦੀ ਜੋ ਵੀ ਰੂਪ ਰੇਖਾ ਹੋਵੇਗੀ ਉਸ ਨੂੰ ਦੋਨੇਂ ਫੋਰਮਾਂ ਦੀ ਲੀਡਰ ਸ਼ਿਪ ਵਿਸਥਾਰ ਨਾਲ ਤੁਹਾਡੇ ਨਾਲ ਸਾਂਝੀ ਕਰੇਗੀ ਤਾਂ ਕਿ ਜ਼ਿਆਦਾ ਤੋਂ ਜ਼ਿਆਦਾ ਪ੍ਰਭਾਵੀ ਢੰਗ ਨਾਲ ਉਸ ਪ੍ਰੋਗਰਾਮ ਨੂੰ ਲਾਗੂ ਕੀਤਾ ਜਾ ਸਕੇ। ਅੱਜ ਦੋਵੇਂ ਮੋਰਚਿਆਂ ਨੇ ਮੀਟਿੰਗ ਕਰਕੇ ਇਸ 'ਤੇ ਸਹਿਮਤੀ ਵੀ ਜਤਾਈ ਹੈ।


SHAM LAL CHANDER ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਪਿੰਡ ਬਚਾਓ- ਪੰਜਾਬ ਬਚਾਓ ਮੁਹਿੰਮ ਤਹਿਤ

## ਲੋਕਾਂ ਨੂੰ ਜਾਗਰੂਕ ਕਰਨ ਲਈ ਸਮਰਾਲਾ ’ਚ ਸੈਮੀਨਾਰ 10 ਨੂੰ

**ਸਮਰਾਲਾ /ਬਲਬੀਰ ਸਿੰਘ ਬੱਬੀ** ਭ੍ਰਿਸ਼ਟਾਚਾਰ ਵਿਰੋਧੀ ਫਰੰਟ (ਰਜਿ:) ਸਮਰਾਲਾ ਵੱਲੋਂ ਪਿੰਡ ਬਚਾਓ- ਪੰਜਾਬ ਬਚਾਓ ਮੁਹਿੰਮ ਤਹਿਤ ਪਿੰਡਾਂ ਦੀਆਂ ਗਰਾਮ ਪੰਚਾਇਤਾਂ ਦੇ ਅਧਿਕਾਰ, ਜਿੰਮੇਵਾਰੀਆਂ ਅਤੇ ਚਣੌਤੀਆਂ ਦੇ ਵਿਸ਼ੇ ਤਹਿਤ ਇੱਕ ਵਿਸ਼ਾਲ ਸੈਮੀਨਾਰ 10 ਜਨਵਰੀ ਦਿਨ ਸ਼ੁੱਕਰਵਾਰ ਨੂੰ ਸਵੇਰੇ 11 ਵਜੇ ਫਰੰਟ ਦੇ ਦਫਤਰ ‘ਬਾਗੀ ਭਵਨ’ ਭਗਵਾਨਪੁਰਾ ਰੋਡ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਫਰੰਟ ਦੇ ਸਰਪ੍ਰਸਤ ਕਮਾਂਡੈਂਟ ਰਸ਼ਪਾਲ ਸਿੰਘ ਅਤੇ ਪ੍ਰਧਾਨ ਅਮਰਜੀਤ ਸਿੰਘ ਬਾਲਿਓਂ ਨੇ ਦੱਸਿਆ ਕਿ ਇਸ ਸੈਮੀਨਾਰ ਵਿੱਚ ਮੁੱਖ ਬੁਲਾਰੇ ਹਮੀਰ ਸਿੰਘ ਹੋਣਗੇ, ਜੋ ਇਸ ਵਿਸ਼ੇ ਤੇ ਪੂਰੀ ਵਿਸਥਾਰਤ ਜਾਣਕਾਰੀ ਦੇਣਗੇ।




ਇਸ ਤੋਂ ਇਲਾਵਾ ਪਾਣੀ ਬਚਾਓ- ਵਾਤਾਵਰਨ ਬਚਾਓ ਵਿਸ਼ੇ ਤੇ ਹੋਰ ਵਿਦਵਾਨ ਆਪਣੇ ਵਿਚਾਰ ਸਾਂਝੇ ਕਰਨਗੇ। ਉਨ੍ਹਾਂ ਇਲਾਕੇ ਦੀਆਂ ਸਮੂਹ ਗਰਾਮ ਪੰਚਾਇਤਾਂ, ਕਿਸਾਨ ਜਥੇਬੰਦੀਆਂ, ਕਾਰੋਬਾਰੀਆਂ, ਸਮਾਜ ਸੇਵੀ ਜਥੇਬੰਦੀਆਂ ਅਤੇ ਆਮ ਲੋਕਾਂ ਨੂੰ ਇਸ ਸੈਮੀਨਾਰ ਵਿੱਚ ਸ਼ਿਰਕਤ ਕਰਨ ਦੀ ਅਪੀਲ ਕੀਤੀ, ਤਾਂ ਜੋ ਅੱਜ ਦੇ ਇਨ੍ਹਾਂ ਗੰਭੀਰ ਮਸਲਿਆਂ ਸਬੰਧੀ ਵਿਦਵਾਨਾਂ ਦੀਆਂ ਗੱਲਾਂ ਸੁਣੀਆਂ ਜਾਣ ਅਤੇ ਉਨ੍ਹਾਂ ਤੇ ਅਮਲ ਕਰਕੇ ਆਪਣੇ ਅਧਿਕਾਰਾਂ ਪ੍ਰਤੀ ਸੁਚੇਤ ਹੋ ਸਕੀਏ ਅਤੇ ਆਪਣੇ ਆਲੇ ਦੁਆਲੇ ਦੀ ਸਹੀ ਸੰਭਾਲ ਕਰ ਸਕੀਏ।

# ਸ੍ਰੀ ਮਾਨ ਸੰਤ ਨਰੈਣ ਸਿੰਘ ਮੋਨੀ ਦੀ 20ਵੀਂ ਸਲਾਨਾ ਬਰਸੀ ਸਿੱਖ-ਸੰਗਤਾਂ ਵੱਲੋ ਧੂਮ-ਧਾਮ ਨਾਲ ਮਨਾਈ ਗਈ

**ਅਮਰਗੜ੍ਹ (ਕੁਲਵੰਤ ਸਿੰਘ ਮੁਹਾਲੀ/ਬਹਾਦਰ ਸਿੰਘ)** ਸੰਤ ਆਸ਼ਰਮ ਨਰੈਣ ਸਰ ਮੁਹਾਲੀ (ਮਾਲੇਰਕੋਟਲਾ) ਵਿਖੇ ਸੰਸਥਾ ਦੇ ਬਾਨੀ ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਨਰੈਣ ਸਿੰਘ ਮੋਨੀ ਤਪਾ-ਦਰਾਜ ਮੁਹਾਲੀ ਵਾਲਿਆਂ ਦੀ 20ਵੀਂ ਸਲਾਨਾ ਬਰਸੀ ਸਬੰਧੀ ਮਹਾਨ ਗੁਰਮਤ ਸਮਾਗਮ ਸੰਤ ਆਸ਼ਰਮ ਨਰੈਣ ਸਰ ਮੁਹਾਲੀ ਵਿਖੇ ਮਿਤੀ 01 ਜਨਵਰੀ ਤੋਂ 7 ਜਨਵਰੀ ਤੱਕ ਸੰਸਥਾ ਦੇ ਮੌਜੂਦਾ ਮੁੱਖੀ ਬਾਬਾ ਰਣਜੀਤ ਸਿੰਘ ਮੁਹਾਲੀ ਵਾਲਿਆਂ ਦੀ ਨਿਗਰਾਨੀ ਵਿੱਚ ਕਰਵਾਇਆ ਗਿਆ।ਮਹਾਂਪੁਰਸ਼ਾਂ ਦੀ ਯਾਦ ਵਿੱਚ ਸੱਤ ਦਿਨ ਚੱਲੇ ਇਸ ਗੁਰਮਤ ਸਮਾਗਮ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦੇ 152 ਸ੍ਰੀ ਅਖੰਡ ਪਾਠ ਕਰਵਾਏ ਗਏ, ਜਿਨ੍ਹਾਂ ਦੇ ਅੱਜ ਭੋਗ ਉਪਰੰਤ ਪੰਜ ਪਿਆਰਿਆਂ ਵੱਲੋਂ ਤਿਆਰ ਕੀਤੇ ਖੰਡੇ-ਬਾਟੇ ਦਾ ਅਮ੍ਰਿਤ ਛਕ ਕੇ 124 ਪ੍ਰਾਣੀ ਗੁਰੂ ਵਾਲੇ ਬਣੇ।ਇਸ ਮੌਕੇ ਬਾਬਾ ਭਰਪੂਰ ਸਿੰਘ ਸੇਖਾ ਝਲੂਰ ਵਾਲੇ, ਬਾਬਾ ਗੁਰਮੇਲ ਸਿੰਘ ਲਲਤੋਂ, ਬਾਬਾ ਅਮਰੀਕ ਸਿੰਘ ਪੰਜ ਭੈਣੀ, ਬਾਬਾ ਪਰੀਤਮ ਸਿੰਘ ਮਾਹਮਦ-ਪੁਰ, ਬਾਬਾ ਪਿਆਰਾ ਸਿੰਘ ਸਿਰਥਲਾ, ਬਾਬਾ ਰਾਜਵਰਿੰਦਰ ਸਿੰਘ ਟਿੱਬਾ, ਬਾਬਾ ਨਿਰਮਲ ਸਿੰਘ ਚੀਮਾ, ਬਾਬਾ ਰਣਜੀਤ ਸਿੰਘ ਢੀਂਗੀ, ਬਾਬਾ ਕਰਨੈਲ ਸਿੰਘ ਗੁਣੀਕੇ, ਭਾਈ ਮੁਖਤਿਆਰ ਸਿੰਘ ਟੋਡਰਵਾਲ, ਭਾਈ ਗੁਰਚੇਤ ਸਿੰਘ ਰਬਾਬੀ, ਬਾਬਾ ਪ੍ਰੀਤਮ ਸਿੰਘ ਮਾਹਪੁਰ, ਬੀਬਾ ਰਾਜ ਕੌਰ ਬੇਨੜਾ, ਬਾਬਾ ਬਲਵਿੰਦਰ ਸਿੰਘ ਕਮੇਲੀ, ਬਾਬਾ ਗੁਲਜ਼ਾਰ ਸਿੰਘ ਧਨੋ, ਭਾਈ ਕਮਲਜੀਤ ਸਿੰਘ ਸਰਾਜਪੁਰ, ਗਿਆਨੀ ਫੂਲਾ ਸਿੰਘ ਪਟਿਆਲਾ, ਭਾਈ ਮਨਜੀਤ ਸਿੰਘ ਅਲੀਪੁਰ ਖਾਲਸਾ, ਗਿਆਨੀ ਰਜਿੰਦਰ ਸਿੰਘ ਕਥਾਵਾਚਕ ਨਾਭਾ, ਭਾਈ




ਅਮਰਜੀਤ ਸਿੰਘ ਫਰੀਦਪੁਰ, ਬਾਬਾ ਕੁਲਦੀਪ ਸਿੰਘ ਚੁਹਾਣੇ, ਬਾਬਾ ਗੁਰਵਿੰਦਰ ਸਿੰਘ ਗੱਢੂਆਂ, ਬਾਬਾ ਮੁਹਿੰਦਰ ਸਿੰਘ ਖੁੱਡੀ (ਬਰਨਾਲਾ), ਬੀਬਾ ਕੁਲਵੰਤ ਕੌਰ ਰਾਏਪੁਰ, ਬਾਬਾ ਹਰਬੰਸ ਸਿੰਘ ਜੈਨਪੁਰ, ਬਾਬਾ ਦਰਸ਼ਨ ਸਿੰਘ ਬਾਠਾਂ, ਭਾਈ ਕੁਲਦੀਪ ਸਿੰਘ ਹੈੱਡ ਗ੍ਰੰਥੀ ਸਮੇਤ ਸਾਬਕਾ ਵਿਧਾਇਕ ਸੁਰਜੀਤ ਸਿੰਘ ਧੀਮਾਨ, ਸਵਰਨਜੀਤ ਸਿੰਘ ਐਮ.ਡੀ. ਦਸ਼ਮੇਸ਼ ਮਕੈਨੀਕਲ ਵਰਕਸ ਅਮਰਗੜ੍ਹ, ਸਾਬਕਾ ਵਿਧਾਇਕ ਇਕਬਾਲ ਸਿੰਘ ਝੂੰਦਾਂ, ਮੱਖਣ ਲਾਲ ਲਾਲਕਾ, ਮਨਜਿੰਦਰ ਸਿੰਘ ਮਨੀ ਲਾਂਗੜੀਆਂ, ਰੂਪ ਸਿੰਘ ਪੰਚ ਅਮਰਗੜ੍ਹ, ਭਾਈ ਧਰਮ ਸਿੰਘ ਖੇੜੀ, ਰਾਮ ਸਿੰਘ ਰੈਸਲ, ਗੁਰਨਾਮ ਸਿੰਘ ਨੂਰਪੁਰੀ, ਸਰਪੰਚ ਰਜਿੰਦਰ ਸਿੰਘ ਟੀਨਾ ਨੰਗਲ, ਡਾ ਅਵਤਾਰ ਸਿੰਘ ਅਮਰਗੜ੍ਹ, ਸਰਬਜੀਤ ਸਿੰਘ ਗੋਗੀ ਸਰਪੰਚ ਸਮੇਤ ਹਜਾਰਾਂ ਦੀ ਗਿਣਤੀ ਵਿੱਚ ਦੇਸਾਂ-ਵਿਦੇਸਾਂ ਵਿਚੋਂ ਸਿੱਖ ਸੰਗਤਾਂ ਪਹੁੰਚੀਆਂ ਸਨ।ਸਟੇਜ ਸਕੱਤਰ ਦੀ ਸੇਵਾ ਭਾਈ ਗੁਰਤੇਜ ਸਿੰਘ ਤੇਜੀ ਮੁਹਾਲੀ ਵੱਲੋਂ ਬਾ ਖੂਬੀ ਨਾਲ ਨਿਭਾਈ ਗਈ। ਇਸ ਤੋਂ ਇਲ-ਾਵਾ ਥਾਣਾ ਅਮਰਗੜ੍ਹ ਦੀ ਪੁਲਿਸ ਪਾਰਟੀ ਵੱਲੋਂ ਸੰਮਾਗਮ ਦੌਰਾਨ ਬਹੁਤ ਵਧੀਆ ਢੰਗ ਨਾਲ ਟ੍ਰੈਫਿਕ ਕੰਟਰੋਲ ਕੀਤਾ ਗਿਆ। ਅਮਰਗੜ੍ਹ ਦਾ ਸਮੁੱਚਾ ਪੱਤਰਕਾਰ ਭਾਈਚਾਰਾ ਵੱਲੋਂ ਵੀ ਹਾਜ਼ਰੀ ਲਵਾਈ ਗਈ।ਇਸ ਮੌਕੇ ਬੱਚਿਆਂ ਦੇ ਦਸਤਾਰ ਮੁਕਾਬਲਾ ਕਰਵਾਇਆ ਗਿਆ ਜਿਸ ਵਿੱਚ 241 ਬੱਚਿਆਂ ਨੇ ਭਾਗ ਲਿਆ,ਜਿਨ੍ਹਾਂ ਵਿੱਚੋਂ ਕ੍ਰਮਵਾਰ ਪਹਿਲਾ ਦੂਸਰਾ ਤੇ ਤੀਸਰਾ ਸਥਾਨ ਪ੍ਰਾਪਤ ਕਰਨ ਵਾਲੇ ਬਚਿਆਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਅਤੇ ਨਗਦ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਆਕਸਫੋਰਡ ਹਸਪਤਾਲ ਜਲੰਧਰ ਦੇ ਮੁੱਖੀ ਅਤੇ ਦਿਲ ਦੇ ਰੋਗਾਂ ਦੇ ਮਾਹਿਰ ਡਾ ਗੁਰਬੀਰ ਸਿੰਘ ਗਿੱਲ ਵੱਲੋਂ ਭੇਜੀ ਗਈ ਡਾ ਅਮੋਲਕ ਸਿੰਘ ਦੀ ਅਗਵਾਈ ਵਾਲੀ ਡਾਕਟਰਾਂ ਦੀ ਟੀਮ ਵੱਲੋਂ ਹਾਰਟ ਅਤੇ ਮੈਡੀਕਲ ਚੈੱਕਅੱਪ-ਕੈਂਪ ਲਗਾਇਆ ਗਿਆ, ਜਿਸ ਵਿੱਚ ਡਾਕਟਰਾਂ ਦੀ ਟੀਮ ਵੱਲੋਂ 102 ਮਰੀਜ਼ਾਂ ਦਾ ਚੈੱਕਅਪ ਕਰਕੇ, ਲੋੜਵੰਦ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਵੀ ਦਿੱਤੀਆਂ ਗਈਆਂ।ਹਰ ਸਾਲ ਦੀ ਤਰਾਂ " ਨਰੈਣ ਸੇਵਾ ਦਲ ਮੁਹਾਲੀ " ਵੱਲੋਂ ਸੰਗਤਾਂ ਦੇ ਜੋੜਿਆਂ ਅਤੇ ਸਾਈਕਲਾਂ,ਸਕੂਟਰਾਂ ਦੀ ਸੇਵਾ ਕੀਤੀ ਗਈ।ਇਸ ਮੌਕੇ ਜੱਸਲ ਪ੍ਰੀਵਾਰ ਨਾਭਾ-ਬਠਿੰਡਾ-ਕਮੇਲੀ-ਉਧਾ-ਰਾਜਪੁਰਾ (ਨਦਾਮਪੁਰ), ਤਲਾਣੀਆਂ (ਸ੍ਰੀ ਫਤਹਿਗੜ੍ਹ ਸਾਹਿਬ) ਅਤੇ ਪਿੰਡ ਮੁਹਾਲੀ ਦੀਆਂ ਸੰਗਤਾਂ ਵੱਲੋਂ ਵੱਖੋ-ਵੱਖਰੇ ਤੌਰ ਤੇ ਪਰਾਂਠੇ-ਚਾਹ-ਦੁੱਧ-ਕੌਫ਼ੀ- ਪਕੌੜੇ- ਬਰੈਡ ਪਕੌੜੇ-ਟਿੱਕੀਆਂ ਦੀ ਚਾਟ ਆਦਿ ਦੇ ਵੰਨ-ਸੁਵੰਨੇ ਲੰਗਰ ਚਲਾਏ ਗਏ।

# ਜੇਕਰ ਕੋਈ ਦੁਕਾਨਦਾਰ ਚਾਈਨਾ ਡੋਰ ਵੇਚਦਾ ਪਾਇਆ ਗਿਆ ਤਾਂ ਉਸ ਤੇ ਹੋਵੇਗੀ ਕਨੂੰਨ ਅਨੁਸਾਰ ਸਖ਼ਤ ਕਾਰਵਾਈ : ਡੀ.ਐਸ.ਪੀ ਦਵਿੰਦਰ ਸੰਧੂ

**ਅਮਰਗੜ੍ਹ-(ਕੁਲਵੰਤ ਸਿੰਘ ਮੁਹਾਲੀ)** ਲੋਹੜੀ ਦੇ ਤਿਉਹਾਰ ਮੌਕੇ ਪਤੰਗਬਾਜ਼ੀ ਲਈ ਬਾਜ਼ਾਰਾਂ ਵਿੱਚ ਗੈਰ ਕਾਨੂੰਨੀ ਢੰਗ ਨਾਲ ਵੀ ਵਿਕਣ ਵਾਲੀ ਚਾਈਨਾ ਡੋਰ ਦੀ ਵਿਕਰੀ ਕਰਨ ਅਤੇ ਖਰੀਦਣ ਵਾਲਿਆਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ, ਇਸ ਸਬੰਧੀ ਚਾਈਨਾ ਡੋਰ ਦਾ ਗੋਰਖ ਧੰਦਾ ਕਰਨ ਵਾਲਿਆਂ ਨੂੰ ਸਖਤ ਤਾੜਨਾ ਕਰਦਿਆਂ ਡੀ.ਐਸ.ਪੀ ਅਮਰਗੜ੍ਹ ਸ. ਦਵਿੰਦਰ ਸਿੰਘ ਸੰਧੂ ਨੇ ਚੋਣਵੇਂ ਪੱਤਰਕਾਰ ਨਾਲ ਆਖਿਆ ਕਿ ਮਨੁੱਖੀ ਜਾਨਾਂ ਤੇ ਪਸ਼ੂ ਪੰਛੀਆਂ ਲਈ ਘਾਤਕ ਸਿੱਧ ਹੋ ਰਹੀ ਚਾਈਨਾ ਡੋਰ ਨਾਲ ਕਈ ਕੀਮਤੀ ਜਾਨਾਂ ਨੁਕਸਾਨ ਹੋ ਚੁੱਕਾ ਹੈ, ਇਸ ਤੋਂ ਇਲਾਵਾ ਬਹੁਤ ਸਾਰੇ ਪਸ਼ੂ-ਪੰਛੀਆਂ ਦੀ ਵੀ ਜਾਨ ਅਜਾਈਂ ਜਾ ਰਹੀ ਹੈ। ਉਹਨਾਂ ਚਾਇਨਾ ਡੋਰ ਦੀ ਦੁਕਾਨ-ਹੋਮ ਡਿਲਿਵਰੀ ਜਾਂ ਆਨ ਲਾਈਨ ਵਿਕਰੀ ਕਰਨ ਵਾਲਿਆਂ ਨੂੰ ਸਖ਼ਤ ਸ਼ਬਦਾਂ ਵਿੱਚ ਆਖਿਆ ਕਿ ਉਹ ਆਪਣੀਆਂ ਹਰਕਤਾਂ ਤੋਂ ਤੁਰੰਤ ਬਾਜ਼ ਆਉਣ ਨਹੀਂ ਤਾਂ ਉਨ੍ਹਾਂ ਵਿਰੁੱਧ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਡੀ.ਐਸ.ਪੀ ਸ. ਦਵਿੰਦਰ ਸਿੰਘ ਸੰਧੂ ਨੇ ਬੱਚਿਆਂ ਦੇ ਮਾਪਿਆਂ ਨੂੰ ਅਪੀਲ ਕਰਦਿਆਂ



ਕਿਹਾ ਕਿ ਉਹ ਆਪਣੇ ਬੱਚਿਆਂ ਨੂੰ ਚਾਈਨਾ ਡੋਰ ਦੀ ਵਰਤੋਂ ਕਰਨ ਤੋਂ ਸਖਤੀ ਨਾਲ ਰੋਕਣ ਕਿਉਂਕਿ ਇਸ ਡੋਰ ਦੀ ਵਰਤੋਂ ਕਰਨ ਨਾਲ ਕਈ ਕੀਮਤੀ ਜਾਨਾਂ ਦਾ ਨੁਕਸਾਨ ਹੋ ਚੁੱਕਾ ਹੈ, ਇਸ ਤੋਂ ਇਲਾਵਾ ਬਹੁਤ ਸਾਰੇ ਪਸ਼ੂ-ਪੰਛੀਆਂ ਦੀ ਵੀ ਜਾਨ ਅਜਾਈਂ ਜਾ ਰਹੀ ਹੈ।ਉਹਨਾਂ ਅੱਗੇ ਆਖਿਆ ਕਿ ਜੇਕਰ ਕੋਈ ਦੁਕਾਨਦਾਰ ਚਾਈਨਾ ਡੋਰ ਦੀ ਵਿਕਰੀ ਕਰਦਾ ਪਾਇਆ ਗਿਆ ਤਾਂ ਉਸ ਨਾਲ ਲਿਹਾਜ਼ ਨਹੀਂ ਵਰਤੀ ਜਾਵੇਗੀ ਸਗੋਂ ਉਸ ਉੱਪਰ ਤੁਰੰਤ ਕਾਨੂੰਨ ਅਨੁਸਾਰ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।ਉਨ੍ਹਾਂ ਕਿਹਾ ਕਿ ਚਾਈਨਾ ਡੋਰ ਦੀ ਹੋਮ ਡਿਲੀਵਰੀ ਤੇ ਆਨਲਾਈਨ ਵਿਕਰੀ ਕਰਨ ਵਾਲਿਆਂ ਉਪਰ ਵੀ ਪ੍ਰਸ਼ਾਸਨ ਦੀ ਬਾਜ ਅੱਖ ਹੋਵੇਗੀ ਉਹਨਾਂ ਆਖਿਆ ਕਿ ਕਈ ਲੋਕ ਚੰਦ ਪੈਸਿਆਂ ਦੇ ਲਾਲਚ ਵਿੱਚ ਚਾਈਨਾ ਡੋਰ ਵੇਚ ਕੇ ਮਨੁੱਖੀ ਜਿੰਦਗੀਆਂ ਨੂੰ ਖਤਰੇ ਵਿੱਚ ਪਾ ਰਹੇ ਹਨ ਇਸ ਨੂੰ ਲੈ ਕੇ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਗੰਭੀਰ ਹੈ ਉਹਨਾਂ ਪਤੰਗਬਾਜ਼ੀ ਦੇ ਸ਼ੌਕੀਨ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪਤੰਗ ਉਡਾਉਣ ਲਈ ਸਾਦੀ ਧਾਗੇ ਵਾਲੀ ਡੋਰ ਦੀ ਹੀ ਵਰਤੋਂ ਕਰਨ ਤਾਂ ਜੋ ਕਿਸੇ ਦਾ ਕੋਈ ਜਾਨੀ ਨੁਕਸਾਨ ਨਾ ਹੋਵੇ। ਇਸ ਮੌਕੇ ਉਨ੍ਹਾਂ ਦੇ ਰੀਡਰ ਵਰਿੰਦਰ ਸਿੰਘ ਵੀ ਹਾਜ਼ਰ ਸਨ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਚੌਥਾ ਕਬੱਡੀ ਕੱਪ ਪਿੰਡ ਨੂਰਪੁਰ ਚੱਠਾ ਵਿਖੇ ਕਰਵਾਇਆ ਜਾਏਗਾ : ਸੁੱਖਾ ਚੱਠਾ ਅਤੇ ਅਰਫ ਚੱਠਾ






**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਕਬੱਡੀ ਪ੍ਰਮੋਟਰ ਯੂ ਐਸ ਏ ਅਤੇ ਸੁੱਖਾ ਚੱਠਾ ਤੇ ਨਾਲ ਹੀ ਪ੍ਰਮੋਟਰ ਯੂ ਐਸ ਏ ਅਰਫ ਚੱਠਾ ਨੇ ਜਾਣਕਾਰੀ ਦਿੰਦਿਆਂ ਦਸਿਆ ਕਿ ਮਿਤੀ 17 ਅਤੇ 18 ਫਰਵਰੀ 2025 ਨੂੰ ਪਿੰਡ ਨੂਰਪੁਰ ਚੱਠਾ ( ਨਕੋਦਰ ) ਵਿਖੇ ਚੋਥਾ ਕਬੱਡੀ ਕੱਪ ਕਰਵਾਇਆ ਜਾਏਗਾ। ਜਿਸ ਵਿਚ ਮੇਜਰ ਲੀਗ ਕੱਬਡੀ ਫੈਡਰੇਸ਼ਨ ਦੀਆਂ 8 ਚੋਟੀ ਦੀਆਂ ਟੀਮਾਂ ਹਿੱਸਾ ਲੈਣਗੀਆਂ ਅਤੇ ਆਪਣੇ ਬਲ ਦਾ ਪ੍ਰਦਸ਼ਨ ਕਰਨਗੀਆ। ਇਹ ਕਬੱਡੀ ਕੱਪ ਮਸ਼ਹੂਰ ਕਬੱਡੀ ਖਿਡਾਰੀ ਸਵ. ਕੰਮਾ ਚੱਠਾ ਅਤੇ ਕਬੱਡੀ ਸ਼ਹੀਦ ਸੰਦੀਪ ਨੰਗਲ ਅੰਬੀਆਂ ਦੀ ਯਾਦ ਵਿੱਚ ਕਰਵਾਇਆ ਜਾ ਰਿਹਾ ਹੈ।ਇਸ ਕਬੱਡੀ ਕੱਪ ਵਿੱਚ ਇਨਾਮ ਤੇ ਤੌਰ ਤੇ ਪਹਿਲਾ ਸਥਾਨ ਹਾਸਿਲ ਕਰਨ ਵਾਲੇ ਖਿਡਾਰੀ ਨੂੰ 3,00,000 ਰੁਪਏ ਦੂਜਾ ਸਥਾਨ ਹਾਸਿਲ ਕਰਨ ਵਾਲੇ ਨੂੰ 2,00,000 ਰੁਪਏ ਦਿੱਤੇ ਜਾਣਗੇ। ਇਸ ਤੋਂ ਇਲਾਵਾ ਬੈਸਟ ਰੇਡਰ ਅਤੇ ਬੈਸਟ ਸਟੋਪਰ ਨੂੰ ਮੋਟਰ ਸਾਈਕਲ ਨਾਲ ਸਨਮਾਨਿਤ ਕੀਤਾ ਜਾਵੇਗਾ। ਇਸ ਕਬੱਡੀ ਕੱਪ ਲਈ ਸਮੂਹ ਗ੍ਰਾਮ ਪੰਚਾਇਤ ਅਤੇ ਐੱਨ ਆਰ ਆਈ ਵੀਰਾਂ ਨੇ ਬਹੁਤ ਸਹਿਯੋਗ ਦਿੱਤਾ।

# ਨੈਸ਼ਨਲ ਕਬੱਡੀ ਐਸੋਸੀਏਸ਼ਨ ਕੈਨੇਡਾ ਦੀ ਚੋਣ ਕਮੇਟੀ 2025-26 ਨੂੰ ਵਧਾਈਆਂ




**ਕੈਨੇਡਾ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਨੈਸ਼ਨਲ ਕਬੱਡੀ ਐਸੋਸੀਏਸ਼ਨ ਕੈਨੇਡਾ ਦੀ ਚੋਣ ਕਮੇਟੀ ਦੇ ਨਿਰਦੇਸ਼ਕ ਇੰਦਰਜੀਤ ਰੋਮੀ , ਅਤੇ ਸਰਪ੍ਰਸਤ ਹਰਵਿੰਦਰ ਰਾਇ ,ਕੱਬਡੀ ਪ੍ਰਮੋਟਰ ਜੋਨਾ ਬੋਲੀਨਾ , ਨੇ ਜਾਣਕਾਰੀ ਦਿੰਦਿਆ ਹੋਇਆ ਕਿਹਾ ਕਿ ਸਾਡੇ ਵਲੋਂ ਮੈਂਬਰਾਂ ਦੀ ਚੋਣ ਤੇ ਓਹਨਾ ਨੂੰ ਬਹੁਤ ਬਹੁਤ ਵਧਾਈ ਹੋਵੇ । ਚੋਣ ਕਮੇਟੀ ਦੇ ਮੈਂਬਰਾਂ ਦੀ ਚੋਣ ਵਿੱਚ ਨੀਟੂ ਕੰਗ ਪ੍ਰਧਾਨ, ਗੋਲਡੀ ਖਤਰਾ ਉੱਪ ਪ੍ਰਧਾਨ , ਸੁਰਿੰਦਰ ਅੱਚਰਵਾਲ ਚੇਅਰਮੈਨ, ਇਕਬਾਲ ਸਵੈਚ ਖਜਾਨਚੀ, ਸੇਠੀ ਥਾਰਾ ਯੂ ਐੱਸ ਏ ਨਿਰਦੇਸ਼ਕ , ਓਂਕਾਰ ਮਾਨ ਨਿਰਦੇਸ਼ਕ, ਅਮਨ ਹੇਰ ਨਿਰਦੇਸ਼ਕ, ਰਾਜ ਪੁਰੇਵਾਲ ਸੈਕਟਰੀ, ਮਲਵਿੰਦਰ ਭੁੱਲਰ ਉੱਪ ਚੇਅਰਮੈਨ ,ਦਵਿੰਦਰ ਮਾਨ ਨਿਰਦੇਸ਼ਕ, ਹਰਮਨ ਗਿੱਲ ਨਿਰਦੇਸ਼ਕ , ਮਨਿੰਦਰ ਵਿਰਕ ਨਿਰਦੇਸ਼ਕ , ਲਵਪ੍ਰੀਤ ਟੂਰ ਨਿਰਦੇਸ਼ਕ , ਕੁਲਵੀਰ ਦੁਲਟ ਨਿਰਦੇਸ਼ਕ ਵਜੋਂ ਚੁਣੇ ਗਏ।

# ਏਕ ਜੋਤ ਵਿਕਲਾਂਗ ਸਕੂਲ ਅਤੇ ਬਲਾਈਂਡ ਪਰਸਨ ਐਸੋਸੀਏਸ਼ਨ ਵੱਲੋਂ ਬਰੇਲ ਲਿਪੀ ਦਾ ਬਾਨੀ ਲੂਈ ਬਰੇਲ ਦਾ 215ਵਾਂ ਜਨਮ- ਦਿਨ ਮਨਾਇਆ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਏਕ ਜੋਤ ਵਿਕਲਾਂਗ ਬੱਚੋਂ ਕਾ ਸਕੂਲ ਲੁਧਿਆਣਾ ਅਤੇ ਬਲਾਈਂਡ ਪਰਸਨ ਐਸੋਸੀਏਸ਼ਨ ਵੱਲੋਂ ਨੇਤਰਹੀਣਾਂ ਦੇ ਭਵਿੱਖ ਨੂੰ ਰੁਸ਼ਨਾਉਣ ਵਾਲਾ, ਬਰੇਲ ਲਿਪੀ ਦਾ ਬਾਨੀ ਲੂਈ ਬਰੇਲ ਦਾ 215ਵਾਂ ਜਨਮ-ਦਿਨ ਗੁਰੂ ਨਾਨਕ ਦੇਵ ਭਵਨ ਨੇੜੇ ਭਾਰਤ ਨਗਰ ਚੌਂਕ ਲੁਧਿਆਣਾ ਵਿਖੇ ਮਨਾਇਆ ਗਿਆ। ਸਮਾਗਮ ਦੇ ਮੁੱਖ ਮਹਿਮਾਨ ਡਾ: ਸੇਨਾ ਅਗਰਵਾਲ ਕੁਝ ਜ਼ਰੂਰੀ ਰੁਝੇਵਿਆਂ ਕਾਰਨ ਨਹੀਂ ਪਹੁੰਚ ਸਕੇ। ਉਹਨਾਂ ਵੱਲੋਂ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਸ਼੍ਰੀਮਤੀ ਇੰਦਰਪ੍ਰੀਤ ਕੌਰ ਜੀ ਪਹੁੰਚੇ ਸਨ । ਸ਼ੈਲਜਾ ਫਾਊਂਡੇਸ਼ਨ ਦੇ ਚੇਅਰਮੈਨ ਮੈਡਮ ਸ਼ੈਲਜਾ ਸ਼ਰਮਾ ਵੀ ਸਟੇਜ ਤੇ ਸੁਸ਼ੋਭਿਤ ਸਨ। ਪ੍ਰੋਗਰਾਮ ਦਾ ਆਗਾਜ਼ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਦਸਮ ਗ੍ਰੰਥ ਵਿੱਚ ਉਚਾਰਨ ਕੀਤਾ ਸ਼ਬਦ "ਦੇਹਿ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂ ਨਾ ਡਰੋਂ" ਦਾ ਗਾਇਨ ਸੁਰਜੀਤ ਸਿੰਘ ਜੀ ਵੱਲੋਂ ਕੀਤਾ ਗਿਆ । ਜਗਜੀਤ ਸਿੰਘ ਫਤਿਹਗੜ੍ਹ ਸਾਹਿਬ, ਸੁਖਵਿੰਦਰ ਸਿੰਘ ਮੰਡੀ ਅਹਿਮਦਗੜ੍ਹ, ਸਾਕਸ਼ੀ, ਰਵੀ, ਸੁਜੀਤ ਕੁਮਾਰ, ਰਾਜ ਕੁਮਾਰ, ਨਰਿੰਦਰ ਕੌਰ ਪ੍ਰਧਾਨ, ਅਜੇ ਅਰੋੜਾ, ਮਾਸਟਰ ਇਕਬਾਲ ਸਿੰਘ ਨੇ ਗੀਤ ਗਾ ਕੇ ਸੋਹਣਾ ਰੰਗ ਬੰਨ੍ਹਿਆ। ਅਜੇ ਅਰੋੜਾ, ਦੇਸ ਰਾਜ, ਵਿਕਰਾਂਤ ਜੀ, ਮੈਡਮ ਕ੍ਰਿਸ਼ਨਾ, ਗੁਰਮੀਤ ਸਿੰਘ ਖ਼ਾਲਸਾ ਨੇ ਨੇਤਰਹੀਣ ਵਿਅਕਤੀਆਂ, ਬੱਚਿਆਂ ਨੂੰ ਲੂਈ ਬਰੇਲ ਦੇ ਜਨਮ-ਦਿਨ ਤੇ ਲੱਖ-ਲੱਖ ਵਧਾਈਆਂ ਦਿੱਤੀਆਂ। ਉਹਨਾਂ ਲੂਈ ਬਰੇਲ ਦੇ ਜੀਵਨ ਤੇ ਵਿਸਥਾਰ ਸਹਿਤ ਚਾਨਣਾ





ਪਾਇਆ। ਮੈਡਮ ਇੰਦਰਪ੍ਰੀਤ ਕੌਰ ਤੇ ਸ਼ੈਲਜਾ ਸ਼ਰਮਾ ਨੇ ਲੂਈ ਬਰੇਲ ਦੇ ਜਨਮ-ਦਿਨ ਤੇ ਨੇਤਰਹੀਣਾਂ ਨੂੰ ਮੁਬਾਰਕਬਾਦ ਦਿੱਤੀ। ਉਹਨਾਂ ਕਿਹਾ ਕਿ ਲੂਈ ਬਰੇਲ ਨੇ ਬਰੇਲ ਲਿਪੀ ਤਿਆਰ ਕਰਕੇ ਨੇਤਰਹੀਣਾਂ ਦੇ ਭਵਿੱਖ ਨੂੰ ਰੁਸ਼ਨਾ ਦਿੱਤਾ ਹੈ। ਇਸ ਮੌਕੇ ਤੇ ਵੱਖ-ਵੱਖ ਖੇਤਰਾਂ ਵਿੱਚ ਉਪਲਬਧੀਆਂ ਪ੍ਰਾਪਤ ਕਰਨ ਵਾਲੀਆਂ ਸੱਤ ਸ਼ਖ਼ਸੀਅਤਾਂ ਜਿਨ੍ਹਾਂ ਵਿੱਚ ਅਜੇ ਅਰੋੜਾ ਆਈ.ਏ.ਐਸ., ਡਾ: ਹਿਮਾਂਸ਼ੂ ਗਰਗ ਅੰਗਰੇਜ਼ੀ ਅਧਿਆਪਕ, ਮਾਸਟਰ ਇਕਬਾਲ ਸਿੰਘ ਸੰਗੀਤ ਅਧਿਆਪਕ, ਲਲਿਤ ਗਰਗ ਸਮਾਜ-ਸੇਵੀ, ਮੈਡਮ ਕ੍ਰਿਸ਼ਨਾ ਦੇਵੀ ਸੇਵਾ-ਭਾਵੀ, ਹਰਲੀਨ ਕੌਰ ਹੋਣਹ-ਾਰ ਵਿਦਿਆਰਥੀ, ਦੀਪ ਕੁਮਾਰ ਨੈਸ਼ਨਲ ਖਿਡਾਰੀ ਨੂੰ ਹਾਰ ਪਾ ਕੇ, ਲੋਈ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਵਰੁਣ ਟੰਡਨ ਆਰਟਿਸਟ ਨੇ ਬਰੇਲ ਪੇਪਰ ਤੇ ਲੂਈ ਬਰੇਲ ਦੀ 18 ਫੁੱਟ ਲੰਮੀ ਤਸਵੀਰ ਤਿਆਰ ਕਰਕੇ ਜ਼ਮੀਨ ਤੇ ਵਿਛਾ ਕੇ ਲੋਕਾਂ ਨੂੰ ਆਪਣੇ ਵੱਲ ਆਕਰਸ਼ਿਤ ਕੀਤਾ। ਬਲਾਈਂਡ ਪਰਸਨ ਐਸੋਸੀਏਸ਼ਨ ਦੇ ਅਨਿਲ ਵਰਮਾ ਰਾਸ਼ਟਰੀ ਪ੍ਰਧਾਨ, ਪੰਜਾਬ ਪ੍ਰਧਾਨ ਨਰਿੰਦਰ ਕੌਰ, ਲਲਿਤ ਗਰਗ ਜਨਰਲ ਸਕੱਤਰ, ਅਜੇ ਠਾਕੁਰ ਚੀਫ਼ ਅਡਵਾਈਜ਼ਰ, ਗੁਰਮੀਤ ਸਿੰਘ ਖ਼ਾਲਸਾ ਚੇਅਰਪਰਸਨ, ਲਵਪ੍ਰੀਤ ਮੀਡੀਆ ਇੰਚਾਰਜ ਵੀ ਹਾਜ਼ਰ ਸਨ। ਮੰਚ ਦਾ ਸੰਚਾਲਨ ਨੈਸ਼ਨਲ ਐਵਾਰਡੀ ਮਾਸਟਰ ਕਰਮਜੀਤ ਸਿੰਘ ਤੇ ਸਾਨੀਆ ਨੇ ਬੜੇ ਸੁਚੱਜੇ ਢੰਗ ਨਾਲ ਨਿਭਾਇਆ। ਲੇਖਕ ਤੇ ਪੱਤਰਕਾਰ ਕਰਨੈਲ ਸਿੰਘ ਐੱਮ.ਏ.ਵੱਲੋਂ ਲੋੜਵੰਦ ਨੇਤਰਹੀਣਾਂ ਨੂੰ ਮੁਫ਼ਤ ਨੇਤਰਹੀਣ ਸਟਿੱਕਾਂ ਵੰਡੀਆਂ ਗਈਆਂ । ਏਕ ਜੋਤ ਵਿਕਲਾਂਗ ਸਕੂਲ ਦੇ ਪ੍ਰਧਾਨ ਸਤਵੰਤ ਕੌਰ ਨੇ ਨੇਤਰਹੀਣ ਵਿਅਕਤੀਆਂ, ਬੱਚਿਆਂ ਨੂੰ ਲੂਈ ਬਰੇਲ ਦੇ ਜਨਮ-ਦਿਨ ਤੇ ਵਧਾਈ ਦਿੱਤੀ । ਉਹਨਾਂ ਸਮਾਗਮ ਵਿੱਚ ਦੂਰ-ਦੂਰ ਤੋਂ ਪਹੁੰਚੇ ਨੇਤਰਹੀਣਾਂ ਦਾ ਧੰਨਵਾਦ ਕੀਤਾ।

for more news visit:
www.samajweekly.com

# ਪੰਜਾਬ ਲੋਕ ਸੂਚਨਾ ਕਮਿਸ਼ਨ ਨੂੰ ਆਪਣਾ ਅਦਾਲਤੀ ਕੰਮ ਕਾਜ ਪੰਜਾਬੀ ਵਿੱਚ ਵੀ ਕਰਨ ਲਈ ਕਾਨੂੰਨੀ ਨੋਟਿਸ ਜਾਰੀ

**ਲੁਧਿਆਣਾ (ਰਮੇਸ਼ਵਰ ਸਿੰਘ)** ਪੰਜਾਬ ਰਾਜ ਭਾਸ਼ਾ ਐਕਟ 1967 ਦੀਆਂ ਵਿਵਸਥਾਵਾਂ ਅਤੇ ਪੰਜਾਬ ਸਰਕਾਰ ਵੱਲੋਂ ਵੱਖ ਵੱਖ ਸਮਿਆਂ ਤੇ ਜਾਰੀ ਕੀਤੇ ਹੁਕਮਾਂ ਅਨੁਸਾਰ, ਪੰਜਾਬ ਸੂਚਨਾ ਕਮਿਸ਼ਨਰਾਂ ਵੱਲੋਂ ਕੀਤਾ ਜਾਂਦਾ ਸਾਰਾ ਅਦਾਲਤੀ ਕੰਮ ਕਾਜ ਪੰਜਾਬੀ ਵਿੱਚ ਵੀ ਕਰਨਾ ਜਰੂਰੀ ਹੈ। ਪਰ ਸੂਚਨਾ ਕਮਿਸ਼ਨਰਾਂ ਵੱਲੋਂ ਕਾਨੂੰਨ ਦੀਆਂ ਇਨਾਂ ਵਿਵਸਥਾਵਾਂ ਅਤੇ ਹੁਕਮਾਂ ਦੀ ਕਦੇ ਵੀ ਪਾਲਣਾ ਨਹੀਂ ਕੀਤੀ ਗਈ। ਨਤੀਜ਼ੇ ਵਜੋਂ ਸੂਚਨਾ ਕਮਿਸ਼ਨਰਾਂ ਵੱਲੋਂ ਲਿਖੇ ਜਾਂਦੇ ਜ਼ਿਮਨੀ ਹੁਕਮ ਅਤੇ ਫ਼ੈਸਲੇ ਕੇਵਲ ਅੰਗਰੇਜ਼ੀ ਭਾਸ਼ਾ ਵਿੱਚ ਹੀ ਲਿਖੇ ਜਾਂਦੇ ਹਨ। ਪੰਜਾਬੀ ਪਸਾਰ ਭਾਈਚਾਰਾ ਵੱਲੋਂ ਸਾਲ 2022 ਤੋਂ ਮੁੱਖ ਸੂਚਨਾ ਕਮਿਸ਼ਨਰ ਨੂੰ ਆਪਣਾ ਅਦਾਲਤੀ ਕੰਮ ਕਾਜ ਪੰਜਾਬੀ ਵਿੱਚ ਕਰਨ ਦੀ ਬੇਨਤੀ ਕੀਤੀ ਜਾਂਦੀ ਰਹੀ ਹੈ ਪਰ ਹਰ ਵਾਰ ਸੂਚਨਾ ਕਮਿਸ਼ਨ ਵੱਲੋਂ ਟਾਲ ਮਟੋਲ ਕਰ ਦਿੱਤੀ ਜਾਂਦੀ ਹੈ।








ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਦੀ ਕਾਨੂੰਨੀ ਟੀਮ ਦੇ ਵਕੀਲਾਂ (ਮਿੱਤਰ ਸੈਨ ਮੀਤ, ਸੁਨੈਨਾ ਅਤੇ ਨਿਖਲ ਥੰਮਣ) ਵੱਲੋਂ, ਅਖ਼ੀਰ ਪੰਜ ਜਨਵਰੀ 2025 ਨੂੰ ਇੱਕ ਕਾਨੂੰਨੀ ਨੋਟਿਸ ਜਾਰੀ ਕਰਕੇ ਮੰਗ ਕੀਤੀ ਗਈ ਹੈ ਕਿ ਅੱਗੋਂ ਤੋਂ ਪੰਜਾਬ ਸੂਚਨਾ ਕਮਿਸ਼ਨਰਾਂ ਦਾ ਅਦਾਲਤੀ ਕੰਮ ਕਾਜ ਵੀ ਪੰਜਾਬੀ ਵਿੱਚ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ।

# ਜਰਖੜ ਹਾਕੀ ਅਕੈਡਮੀ ਨੇ ਓਲੰਪੀਅਨ ਸੁਰਜੀਤ ਸਿੰਘ ਰੰਧਾਵਾ ਦੀ 41ਵੀਂ ਬਰਸੀ ਮਨਾਈ

**ਲੁਧਿਆਣਾ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਮਾਤਾ ਸਾਹਿਬ ਕੌਰ ਅਕੈਡਮੀ ਜਰਖੜ ਦੇ ਸਮੂਹ ਖਿਡਾਰੀਆਂ ਅਤੇ ਪ੍ਰਬੰਧਕਾਂ ਨੇ ਹਾਕੀ ਦੇ ਮਹਾਨ ਖਿਡਾਰੀ 1975 ਵਿਸਵ ਕੱਪ ਦੇ ਚੈਂਪੀਅਨ ਸਟਾਰ ਖਿਡਾਰੀ ਓਲੰਪੀਅਨ ਸੁਰਜੀਤ ਸਿੰਘ ਜੋ 41ਵਰੇ ਪਹਿਲਾਂ 6 ਜਨਵਰੀ ਦੀ ਰਾਤ 1984 ਨੂੰ ਇੱਕ ਸੜਕ ਹਾਦਸੇ ਵਿੱਚ ਇਸ ਦੁਨੀਆ ਤੋਂ ਰੁਖਸਤ ਹੋ ਗਏ ਸਨ । ਉਹਨਾਂ ਦੀ 41ਵੀਂ ਬਰਸੀ ਜਰਖੜ ਹਾਕੀ ਅਕੈਡਮੀ ਦੇ ਪ੍ਰਬੰਧਕਾ ਖਿਡਾਰੀਆਂ ਨੇ ਬਹੁਤ ਹੀ ਸ਼ਰਧਾ ਅਤੇ ਸਤਿਕਾਰ ਦੇ ਨਾਲ ਮਨਾਈ। ਇਸ ਮੌਕੇ ਓਲੰਪੀਅਨ ਸੁਰਜੀਤ ਸਿੰਘ ਦੇ ਜਰਖੜ ਖੇਡ ਸਟੇਡੀਅਮ ਵਿਖੇ ਸਾਲ 2009 ਤੋਂ ਸਥਾਪਿਤ ਕੀਤੇ ਆਦਮਕੱਦ ਬੁੱਤ ਤੇ ਹਾਰ ਪਾ ਕੇ ਅਤੇ ਉਹਨਾਂ ਨੂੰ 2 ਮਿੰਟ ਦਾ ਮੋਨ ਧਾਰ ਕੇ ਸਰਧਾਜਲੀ ਭੇਟ ਕੀਤੀ ਗਈ, ਅਤੇ ਉਸ ਮਹਾਨ ਖਿਡਾਰੀ ਦੀਆਂ ਪ੍ਰਾਪਤੀਆਂ ਨੂੰ ਯਾਦ ਕੀਤਾ ਗਿਆ। ਇਸ ਮੌਕੇ ਜਰਖੜ ਹਾਕੀ ਅਕੈਡਮੀ ਦੇ ਡਾਇਰੈਕਟਰ ਜਗਰੂਪ ਸਿੰਘ ਜਰਖੜ ਨੇ ਬੱਚਿਆਂ ਨੂੰ ਓਲੰਪੀਅਨ ਸੁਰਜੀਤ ਸਿੰਘ ਦੇ ਜੀਵਨ ਬਾਰੇ , ਉਹਨਾਂ ਦੇ ਜ਼ਿੰਦਗੀ ਦੇ ਸੰਘਰਸ਼ ਬਾਰੇ, ਉਹਨਾਂ ਦੀਆਂ ਹਾਕੀ ਦੀਆਂ ਪ੍ਰਾਪਤੀਆਂ ਬਾਰੇ ਜਾਣੂ ਕਰਵਾਇਆ। ਇਸ ਮੌਕੇ ਜਰਖੜ ਹਾਕੀ ਅਕੈਡਮੀ ਦੇ ਬੱਚਿਆਂ ਨੇ ਵੀ ਓਲੰਪੀਅਨ ਸੁਰਜੀਤ ਸਿੰਘ ਰੰਧਾਵਾ ਵਰਗੇ ਮਹਾਨ ਪਲੇਅਰ ਬਣਨ ਦਾ ਪ੍ਰਣ ਕੀਤਾ। ਇਸ ਮੌਕੇ, ਕੋਚ ਗੁਰਸਤਿੰਦਰ ਸਿੰਘ ਪਰਗਟ ਨੇ ਦੱਸਿਆ ਕਿ 37ਵੀਆਂ ਮਾਡਰਨ






ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ 7-8 ਅਤੇ 9 ਫਰਵਰੀ ਨੂੰ ਹੋਣਗੀਆਂ ਇਿਹਨਾਂ ਖੇਡਾਂ ਵਿੱਚ ਜਿੱਥੇ ਕਬੱਡੀ ਤੋਂ ਇਲਾਵਾ ਹਾਕੀ ਖੇਡ ਮੁੱਖ ਖਿਚ ਦਾ ਕੇਂਦਰ ਹੋਵੇਗੀ । ਉਥੇ ਜਰਖੜ ਹਾਕੀ ਅਕੈਡਮੀ ਦੇ ਸਰਵੋਤਮ ਖਿਡਾਰੀਆਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਜਾਵੇਗਾ। ਇਸ ਮੌਕੇ ਜਰਖੜ ਹਾਕੀ ਅਕੈਡਮੀ ਦੇ ਸਮੂਹ ਖਿਡਾਰੀ ਅਤੇ ਹੋਰ ਪ੍ਰਬੰਧਕ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਪੇਸ਼ੇਵਰ ਕਬੱਡੀ ਨੇ ਡੇਗਿਆ ਖਿੱਤੇ ਦੀ ਵਿਰਾਸਤੀ ਖੇਡ ਦਾ ਮਿਆਰ

## ਵੱਡੇ ਇਨਾਮੀ ਟੂਰਨਾਮੈਂਟ ਛੋਟੇ ਖੇਡ ਮੇਲਿਆਂ ਨੂੰ ਖਾ ਗਏ

**ਦਿੜਬਾ ਮੰਡੀ,ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਪੰਜਾਬੀ ਖਿੱਤੇ ਦੀ ਹਰਮਨ ਪਿਆਰੀ ਸਰਕਲ ਸਟਾਈਲ ਕਬੱਡੀ ਜਿਸ ਨੂੰ ਪੰਜਾਬੀਆਂ ਦੀ ਮਾਂ ਖੇਡ ਦਾ ਰੁਤਬਾ ਮਿਲਿਆ ਹੋਇਆ ਹੈ। ਪਰ ਬਦਲਦੇ ਸਮਿਆਂ ਦੇ ਪ੍ਰਭਾਵ ਅਨੁਸਾਰ ਅੱਜਕੱਲ ਕਮਰਸ਼ੀਅਲ ਕਬੱਡੀ ਹੋ ਰਹੀ ਹੈ ਵੱਡੇ ਇਨਾਮੀ ਟੂਰਨਾਮੈਂਟ ਦੇ ਰੁਝਾਨ ਨੇ ਛੋਟੇ ਮੇਲਿਆਂ ਨੂੰ ਨਿਗਲ ਲਿਆ ਹੈ। ਅੱਜ ਹਰ ਕੋਈ ਵੱਡੇ ਖਿਡਾਰੀ ਖੇਡਦੇ ਦੇਖਣਾ ਚਾਹੁੰਦਾ ਹੈ। ਪਰ ਇਹ ਵੱਡੇ ਖਿਡਾਰੀ ਹਰ ਕਿਸੇ ਵੀ ਟੂਰਨਾਮੈਂਟ ਕਮੇਟੀ ਦੀ ਪਹੁੰਚ ਵਿੱਚ ਨਹੀਂ ਹਨ। ਪੰਜਾਬ ਵਿੱਚ ਸਿਰਫ਼ ਵੀਹ ਕੁ ਖਿਡਾਰੀ ਹਨ ਜਿੰਨਾ ਨੂੰ ਦੇਖਣ ਲਈ ਅੱਜ ਕਰੋੜਾਂ ਰੁਪਏ ਵੰਡੇ ਜਾ ਰਹੇ ਹਨ। ਪਰ ਇਸ ਦੇ ਉਲਟ ਸੈਂਕੜੇ ਨੌਜਵਾਨ ਜੋ ਕਬੱਡੀ ਵਿੱਚ ਭਾਵਿਖ ਬਣਾਉਣ ਲਈ ਹੱਡ ਤੁੜਵਾ




ਰਹੇ ਹਨ ਉਨ੍ਹਾਂ ਨੂੰ ਖਰਚਾ ਵੀ ਨਹੀਂ ਮਿਲ ਰਿਹਾ। ਪੰਜਾਬੀ ਜਦੋਂ ਤੋਂ ਇੱਕ ਦੂਜੇ ਦੀ ਰੀਸ ਕਰਨ ਦੇ ਆਦੀ ਹੋਏ ਹਨ ਤਾਂ ਇਸ ਰੋਗ ਨਾਲ ਸਾਡਾ ਅਮੀਰ ਵਿਰਸਾ ਵੀ ਕੰਗਾਲ ਹੋ ਰਿਹਾ ਹੈ। ਅੱਜ ਲੋੜ ਹੈ ਕਿ ਪਿੰਡਾਂ ਦੀ ਅਮੀਰ ਖੇਡ ਨੂੰ ਬਚਾਉਣ ਲਈ ਨਿਰੋਲ ਪਿੰਡ ਵਾਰ ਓਪਨ ਕਬੱਡੀ ਅਤੇ ਵਜਨੀ ਕਬੱਡੀ ਦੇ ਮੈਚ ਵੀ ਹੋਣੇ ਚਾਹੀਦੇ ਹਨ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਟੂਰਨਾਮੈਂਟ ਦਾ ਸਮਾਂ ਸੀਮਾ ਵੀ ਨਿਧਾਰਤ ਕਰੇ। ਟੂਰਨਾਮੈਂਟ ਤੇ ਖਰਚ ਹੋਣ ਵਾਲੇ ਪੈਸੇ ਦਾ ਰਿਕਾਰਡ ਵੀ ਕਾਨੂੰਨੀ ਪੱਧਰ ਤੇ ਹੋਵੇ। ਹਰ ਟੂਰਨਾਮੈਂਟ ਵਿੱਚ ਪ੍ਰਸਾਸਨ ਦੀ ਮਨਜ਼ੂਰੀ ਨਿਧਾਰਤ ਕੀਤੀ ਜਾਵੇ। ਪੰਜਾਬ ਕਬੱਡੀ ਐਸੋਸੀਏਸ਼ਨ ਵੀ ਇਸ ਸਬੰਧੀ ਆਪਣੀ ਜੁੰਮੇਵਾਰੀ ਨਿਭਾਵੇ। ਪੇਸ਼ੇਵਰ ਖੇਡ ਕਲੱਬਾਂ ਨੂੰ ਨਰਸਰੀ ਵੱਲ ਧਿਆਨ ਦੇਣ ਲਈ ਜਿੰਮੇਵਾਰ ਬਣਾਇਆ ਜਾਵੇ।

# ਸਤਨਾਮ ਸਿੰਘ ਤੇ ਜੈਸਮੀਨ ਕੌਰ ਦੇ ਧਾਰਮਿਕ ਸਿੰਗਲ ਟ੍ਰੈਕ ''ਲੈ ਚੱਲੇ ਜਾਲਮੋਂ ਵੇ'' ਕੀਤਾ ਪ੍ਰੈਸ ਕਲੱਬ ਜਲੰਧਰ ਵਿੱਚ ਰਿਲੀਜ਼




**ਸਰੀ /ਵਿਨਕੂਵਰ (ਕੁਲਦੀਪ ਚੁੰਬਰ )-** ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ ਗਾਇਕ ਸਤਨਾਮ ਸਿੰਘ ਤੇ ਗਾਇਕਾ ਜਾਸਮੀਨ ਕੌਰ ਦੇ ਧਾਰਮਿਕ ਸਿੰਗਲ ਟ੍ਰੈਕ ''ਲੈ ਚੱਲੇ ਜਾਲਮੋਂ ਵੇ'' ਦਾ ਪੋਸਟਰ ਪ੍ਰੈਸ ਕਲੱਬ ਜਲੰਧਰ ਵਿਖੇ ਗਾਇਕਾ ਸੀਮਾ ਅਨਜਾਣ, ਯਾਦਵਿੰਦਰ ਸਿੰਘ ਐਕਸ ਚੈਅਰਮੈਨ ਮਿਲਕ ਫੈਡ , ਨੀਰਜ ਸ਼ਰਮਾ, ਵੀਡੀਓ ਡਾਇਰੈਕਟਰ ਬਾਬਾ ਕਮਲ, ਨਰਾਇਣ ਸਰਮਾ ਵਲੋਂ ਸਾਂਝੇ ਤੌਰ ਤੇ ਰਿਲੀਜ਼ ਕੀਤਾ ਗਿਆ । ਗੱਲਬਾਤ ਕਰਦੇ ਗਾਇਕ ਸਤਨਾਮ ਸਿੰਘ ਮੱਥਰੇਵਾਲੀਆ ਤੇ ਜਾਸਮੀਨ ਕੌਰ ਨੇ ਦੱਸਿਆ ਕਿ ਇਸ ਧਾਰਮਿਕ ਸਿੰਗਲ ਟ੍ਰੈਕ ਨੂੰ ਪੇਸਕਾਰ ਰਾਮ ਭੋਗਪੁਰੀਆ ਤੇ ਆਰ ਜੇ ਬੀਟਸ ਕੰਪਨੀ ਵਲੋਂ ਰਿਲੀਜ਼ ਕੀਤਾ ਗਿਆ। ਜਿਸ ਦਾ ਮਿਊਜ਼ਕ ਨਰਾਇਣ ਸ਼ਰਮਾ ਵਲੋਂ ਤਿਆਰ ਕੀਤਾ ਗਿਆ ਹੈ। ਜਿਸ ਨੂੰ ਲਿਖਿਆ ਹੈ ਖੁਦ ਗਾਇਕ ਸਤਨਾਮ ਸਿੰਘ ਮਥਰੇਵਾਲੀਆ ਨੇ । ਇਸ ਸਿੰਗਲ ਟਰੈਕ ਦੀ ਵੀਡਿਉ ਧਾਰਮਿਕ ਸਥਾਨਾਂ ਤੇ ਬਾਬਾ ਕਮਲ ਵਲੋਂ ਸ਼ੂਟ ਕੀਤੀ ਗਈ ਹੈ। ਯੂ ਟਿਊਬ ਦੇ ਨਾਲ-ਨਾਲ ਧਾਰਮਿਕ ਚੈਲਲਾਂ ਤੇ ਚੱਲ ਰਿਹਾ ਹੈ ।

# ਲੋਕ ਗਾਇਕ ਕੰਠ ਕਲੇਰ "ਚੰਨ ਚੜ੍ਹਿਆ ਪੁੰਨਿਆਂ ਦਾ" ਐਲਬਮ ਨਾਲ ਸੰਗਤ ਦੇ ਹੋਵੇਗਾ ਆਗਮਨ ਪੂਰਬ ਤੇ ਰੂਬਰੂ




**ਸਰੀ/ ਵੈਨਕੂਵਰ (ਕੁਲਦੀਪ ਚੁੰਬਰ)-** ਹਰ ਸਾਲ ਦੀ ਤਰ੍ਹਾਂ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਪੁਰਬ ਦੀਆਂ ਖੁਸ਼ੀਆਂ ਵਿੱਚ ਸੁਰੀਲੀ ਤੇ ਮਿੱਠੀ ਆਵਾਜ਼ ਦੇ ਮਾਲਕ ਜਨਾਬ ਕੰਠ ਕਲੇਰ ਜੀ ਇੱਕ ਵਾਰ ਫਿਰ " ਚੰਨ ਚੜ੍ਹਿਆ ਪੁੰਨਿਆਂ ਦਾ " ਐਲਬਮ ਰਾਹੀਂ ਹਾਜ਼ਰ ਹੋ ਰਹੇ ਨੇ । ਇਸ ਸਬੰਧੀ ਸੋਸ਼ਲ ਮੀਡੀਆ ਤੇ ਸਾਂਝੀ ਕੀਤੀ ਜਾਣਕਾਰੀ ਮੁਤਾਬਿਕ ਗੀਤਕਾਰ ਗੋਲਡੀ ਦਰਦੀ ਨੇ ਦੱਸਿਆ ਕਿ ਇਸ ਐਲਬਮ ਵਿੱਚ ਕੌਮੀ ਲੇਖਕ ਸ਼੍ਰੀਮਾਨ ਮਦਨ ਜਲੰਧਰੀ ਜੀ ਤੇ ਸ੍ਰੀ ਮਾਨ ਰੱਤੂ ਰੰਧਾਵਾ ਜੀ ਉਹਨਾਂ ਦੇ ਨਾਲ ਹਨ । ਗੋਲਡੀ ਦਰਦੀ ਨੇ ਦੱਸਿਆ ਕਿ ਉਸ ਦਾ ਲਿਖਿਆ ਗੀਤ" ਤੇਰੀਆਂ ਵਡਿਆਈਆਂ" ਇਸ ਐਲਬਮ ਵਿੱਚ ਸ਼ਾਮਿਲ ਕੀਤਾ ਗਿਆ ਹੈ ਤੇ ਉਹ ਸਮੁੱਚੀ ਟੀਮ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਨ, ਜਿਨ੍ਹਾਂ ਨੇ ਉਸ ਦੀ ਕਲਮ ਨੂੰ ਮਣਾਂ ਮੂੰਹੀਂ ਮਾਣ ਦੇ ਕੇ ਸੰਗਤ ਦੇ ਰੂਬਰੂ ਹੋਣ ਦਾ ਮੌਕਾ ਬਖਸ਼ਿਸ਼ ਕੀਤਾ। ਇਸ ਐਲਬਮ ਦਾ ਸੰਗੀਤ ਅਮਰ ਜੀ ਤੇ ਕਮਲ ਕਲੇਰ ਦਾ ਹੈ, ਜਿਨਾਂ ਦੇ ਪਿਆਰ ਸਦਕੇ ਸੰਗਤ ਦੀ ਕਚਹਿਰੀ ਵਿੱਚ ਹਾਜ਼ਰੀ ਭਰ ਰਿਹਾ ਹਾਂ ਪਿਆਰ ਅਤੇ ਅਸ਼ੀਰਵਾਦ ਦੀ ਇੰਤਜ਼ਾਰ ਰਹੇਗੀ ।

# ਮਾਸਟਰ ਹਾਕੀ ਐਸੋਸੀਏਸ਼ਨ ਨੂੰ ਪ੍ਰਵਾਸੀ ਭਾਰਤੀਆਂ ਵਲੋਂ ਸੁਰਜੀਤ ਸਟੇਡੀਅਮ ਜਲੰਧਰ 'ਚ ਵੰਡੇ ਟ੍ਰੈਕ ਸੂਟ

**ਸਰੀ /ਵਿਨਕੂਵਰ (ਕੁਲਦੀਪ ਚੁੰਬਰ)-** ਮਾਸਟਰ ਹਾਕੀ ਐਸੋਸੀਏਸ਼ਨ ਪੰਜਾਬ ਅਤੇ ਪਰਵਾਸੀ ਭਾਰਤੀਆਂ ਦੇ ਸਹਿਯੋਗ ਨਾਲ ਹਾਲ ਹੀ ਵਿੱਚ ਸੁਰਜੀਤ ਸਟੇਡੀਅਮ ਜਲੰਧਰ ਵਿਖੇ ਸਾਰੇ ਖਿਡਾਰੀਆਂ ਨੂੰ ਟਰੈਕ ਸੂਟ ਤਕਸੀਮ ਕੀਤੇ ਗਏ ।ਇਹ ਟਰੈਕ ਸੂਟ ਤਕਸੀਮ ਕਰਨ ਦੀ ਰਸਮ ਮਾਸਟਰ ਹਾਕੀ ਐਸੋਸੀਏਸ਼ਨ ਪੰਜਾਬ ਦੇ ਡਾਇਰੈਕਟਰ ਅਰਜਨ ਐਵਾਰਡੀ ਓਲੰਪੀਅਨ ਰਜਿੰਦਰ ਸਿੰਘ ਵਲੋਂ ਅਦਾ ਕੀਤੀ ਗਈ । ਉਹਨਾਂ ਨੇ ਇਸ ਮੌਕੇ ਪ੍ਰਵਾਸੀ ਭਾਰਤੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਸਾਰੇ ਹੀ ਐਨਆਰਆਈ ਵੀਰਾਂ ਦਾ ਐਸੋਸੀਏਸ਼ਨ ਵੱਲੋਂ ਸ਼ੁਕਰਾਨਾ ਕਰਦੇ ਹਨ ਜੋ ਹਮੇਸ਼ਾ ਜੀ ਜਾਨ ਨਾਲ ਦਾਨ ਕਰਕੇ ਸਾਰੇ ਖਿਡਾਰੀਆਂ





ਨੂੰ ਹਮੇਸ਼ਾ ਉਤਸ਼ਾਹਤ ਕਰਦੇ ਹਨ । ਪ੍ਰੈਸ ਨੂੰ ਜਾਣਕਾਰੀ ਕਲੱਬ ਦੇ ਅਹੁਦੇਦਾਰ ਮੈਂਬਰ ਕੁਲਵੰਤ ਸਿੰਘ ਚੁੰਬਰ ਯੂਕੇ ਵੱਲੋਂ ਦਿੱਤੀ ਗਈ। ਸਾਰੇ ਹੀ ਖਿਡਾਰੀਆਂ ਅਤੇ ਮਾਸਟਰ ਹਾਕੀ ਐਸੋਸੀਏਸ਼ਨ ਵਲੋਂ ਡਾਇਰੈਕਟਰ ਰਜਿੰਦਰ ਸਿੰਘ ਦਾ ਧੰਨਵਾਦ ਕੀਤਾ ਗਿਆ ਤੇ ਪ੍ਰਵਾਸੀ ਭਾਰਤੀਆਂ ਦੀ ਚੜ੍ਹਦੀ ਕਲਾ ਦੀ ਕਾਮਨਾ ਕੀਤੀ ਗਈ ।

## ਵਾਲੀਬਾਲ ਟੂਰਨਾਮੈਂਟ ਵਿਚ ਜੰਡਿਆਲਾ ਨੇ ਕਾਲਰਾ ਤੇ ਆਦਮਪੁਰ ਨੇ ਏਅਰ ਫੋਰਸ ਵਿੰਗ ਨੂੰ ਹਰਾਇਆ



**ਏਅਰ ਫੋਰਸ ਦੀ ਵਾਲੀਬਾਲ ਟੀਮ ਨੂੰ ਹਰਾਉਣ ਵਾਲੀ ਆਦਮਪੁਰ ਦੀ ਟੀਮ ਆਪਣੇ ਖਿਡਾਰੀਆਂ ਨਾਲ ਜਿੱਤਣ ਉਪਰੰਤ ।**

**ਸਰੀ /ਵੈਨਕੂਵਰ (ਕੁਲਦੀਪ ਚੁੰਬਰ )-** ਸਪੋਰਟਸ ਕਲੱਬ ਆਦਮਪੁਰ ਵਲੋਂ ਆਯੋਜਿਤ ਟੂਰਨਾਮੈਂਟ ਵਿਚ ਅੱਜ ਦਿਲਚਸਪ ਤੇ ਫਸਵੇਂ ਮੁਕਾਬਲੇ ਦੇਖਣ ਨੂੰ ਮਿਲੇ । ਅੱਜ ਦੇ ਪਹਿਲੇ ਵਾਲੀਬਾਲ ਮੈਚ ਵਿਚ ਆਦਮਪੁਰ ਦੀ ਟੀਮ ਨੇ ਏਅਰਫੋਰਸ ਦੀ ਵਾਲੀਬਾਲ ਟੀਮ ਨੂੰ 21-25, 23-25 ਨਾਲ ਹਰਾ ਕੇ ਕੁਆਟਰ ਫਾਈਨਲ ਵਿੱਚ ਪ੍ਰਵੇਸ਼ ਕੀਤਾ । ਇਸੇ ਤਰਾਂ ਖੋਖਰਾਂ ਨੇ ਨਡਾਲੋਂ, ਜੌੜਾ ਪਿੰਡ ਨੇ ਕੰਦੋਲਾ, ਜਲਭੇ ਨੇ ਹਰੀਪੁਰ, ਭੋਜੋਵਾਲ ਨੇ ਮਰਨਾਈਆਂ ਤੇ ਜੰਡਿਆਲਾ ਨੇ ਕਾਲਰੇ ਨੂੰ ਹਰਾ ਕੇ ਅਗਲੇ ਰਾਊਂਡ ਵਿੱਚ ਪ੍ਰਵੇਸ਼ ਕੀਤਾ । ਜ਼ਿਕਰਯੋਗ ਹੈ ਕਿ ਟੂਰਨਾਮੈਂਟ ਜੇਤੂ ਵਾਲੀਬਾਲ ਟੀਮ ਨੂੰ 21 ਹਜਾਰ ਤੇ ਉਪ ਜੇਤੂ ਨੂੰ 15 ਹਜਾਰ ਦਾ ਕੈਸ਼ ਇਨਾਮ ਤੇ ਟਰਾਫੀਆਂ ਦਿੱਤੀਆਂ ਜਾਣਗੀਆਂ । ਇਸ ਮੌਕੇ ਕਲੱਬ ਦੇ ਸਮੂਹ ਅਹੁਦੇਦਾਰ ਸਹਿਬਾਨ ਤੇ ਵਾਲੀਬਾਲ ਕੋਚ ਹਾਜਿਰ ਸਨ ।

# ਗੋਗਾ ਜਸਪਾਲ ਜੱਸੀ ਦਾ ਧਾਰਮਿਕ ਟ੍ਰੈਕ " ਵਾਰ.. ਦਸ਼ਮੇਸ਼ ਪਿਤਾ " ਵਿਸ਼ਵ ਭਰ ਵਿੱਚ ਰਿਲੀਜ਼

**ਸਰੀ /ਵੈਨਕੂਵਰ (ਕੁਲਦੀਪ ਚੁੰਬਰ)**–ਉੂੜਾ ਜੂੜਾ ਪ੍ਰੋਡਕਸ਼ਨਜ਼ ਕੰਪਨੀ ਵੱਲੋਂ ਉੱਘੇ ਲੋਕ ਗਾਇਕ ਗੋਗਾ ਜਸਪਾਲ ਜੱਸੀ (ਡਾ) ਦਾ ਗਾਇਆ, ਧੰਨ ਧੰਨ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਨਵਾਂ ਧਾਰਮਿਕ ਟਰੈਕ " ਵਾਰ.. ਦਸ਼ਮੇਸ਼ ਪਿਤਾ " ਪੂਰੇ ਵਿਸ਼ਵ ਭਰ ਦੇ ਸੋਸਲ ਮੀਡੀਆ ਪਲੇਟਫਾਰਮਾਂ ਤੇ ਵੱਡੀ ਪੱਧਰ ਤੇ ਰਿਲੀਜ਼ ਕੀਤਾ ਗਿਆ ਹੈ। ਧੰਨ ਧੰਨ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੂਰਵਲੇ ਜਨਮ ਚ ਓਹਨਾਂ ਵੱਲੋਂ ਸ਼੍ਰੀ ਹੇਮਕੁੰਟ ਸਾਹਿਬ ਦੇ ਤਪਸਥਾਨ ਤੇ ਕੀਤੀ ਤਪੱਸਿਆ ਨੂੰ ਬਿਆਨ ਕਰਦਾ ਵਾਰ ਰੂਪੀ ਇਹ ਗੀਤ ਇੱਕ ਪੁਰਾਤਨ ਰਚਨਾ ਹੈਂ । ਇਸ ਵਾਰ ਦਾ ਸੰਗੀਤ ਅੱਜ ਦੇ ਚਰਚਿਤ ਸੰਗੀਤਕਾਰ ਰਿਦਮ ਰੌਕਰ ਨੇ ਬਹੁਤ ਲਗਨ ਤੇ ਮਿਹਨਤ ਨਾਲ ਤਿਆਰ ਕੀਤਾ ਹੈ। ਇਸ ਸੰਗੀਤ ਵਿੱਚ ਰਿਦਮ ਦਾ ਸਾਰਾ ਅਰੈਂਜਮੈਂਟ ਉੱਘੇ ਰਿਦਮਿਸਟ ਸ਼੍ਰੀ ਐੱਸ ਬਿੰਟਾ ਜੀ ਨੇ ਕੀਤਾ ਹੈ। ਇਸ ਗੀਤ ਦਾ ਵੀਡੀਓ ਫ਼ਿਲਮਾਂਕਣ ਜ਼ੂਮ ਇਨ ਕਰੀਏਸ਼ਨ ਵਲੋਂ ਵਿੱਚ ਮੋਹਾਲੀ ਦੇ ਆਸ ਪਾਸ ਬਹੁਤ ਕਮਾਲ ਦਾ ਸ਼ੂਟ ਕੀਤਾ ਗਿਆ ਹੈ। ਸਿਰਮੌਰ ਗੀਤਕਾਰ ਤੇ ਪੇਸ਼ਕਾਰ ਭੱਟੀ ਭੜੀਵਾਲਾ ਦੀ ਪੇਸ਼ਕਸ਼ ਅਤੇ ਡਾ.ਅੰਮ੍ਰਿਤ ਸਿੰਘ ਦੀ ਸਰਪ੍ਰਸਤੀ ਥੱਲੇ ਊੜਾ ਜੂੜਾ ਪ੍ਰੋਡਕਸ਼ਨਜ਼ ਦੀ ਪੂਰੀ ਟੀਮ ਵਲੋਂ ਇਸ ਟ੍ਰੈਕ ਨੂੰ ਤਿਆਰ ਕਰਨ ਲਈ ਕੀਤੀ ਗਈ ਸਖ਼ਤ ਮਿਹਨਤ ਨੂੰ ਜਰੂਰ ਭਾਗ ਲੱਗਣਗੇ ।ਊੜਾ ਜੂੜਾ ਪ੍ਰੋਡਕਸ਼ਨਜ਼ ਵਲੋਂ ਨਵੇਂ ਤੇ ਟੈਲੈਂਟਡ ਰਾਗੀ ਸਿੰਘਾਂ, ਪਾਠੀ ਸਿੰਘਾਂ, ਕਥਾਵਾਚਕਾ, ਕਵੀਸ਼ਰਾਂ ਤੇ ਢਾਡੀ ਜੱਥਿਆਂ ਨੂੰ ਖੁੱਲ੍ਹਾ ਸੱਦਾ ਹੈ ਉਹਨਾਂ ਨਾਲ ਜੁੜਨ ਦਾ । ਚਾਹਵਾਨ ਸੱਜਣਾਂ ਵਲੋਂ +9178140- 42872 ਤੇ ਸੰਪਰਕ ਕੀਤਾ ਜਾ ਸਕਦਾ ਹੈ।




# ਕਮਾਂਡੈਂਟ ਬੀ ਐਸ ਐਫ ਪੰਡਿਤ ਜੀ ਵੱਲੋਂ ਐਸ ਜੀ ਜੀ ਐਸ ਹਾਕੀ ਕਲੱਬ ਨੂੰ ਟਰੈਕ ਸੂਟ ਭੇਂਟ



**ਸਰੀ /ਵੈਨਕੂਵਰ (ਕੁਲਦੀਪ ਚੁੰਬਰ)**– ਐਸ ਜੀ ਜੀ ਐਸ ਹਾਕੀ ਕਲੱਬ ਧੁਦਿਆਲ ਜ਼ਿਲ੍ਹਾ ਜਲੰਧਰ ਨੂੰ ਵਧੀਆ ਹਾਕੀ ਖੇਡ ਪ੍ਰਦਰਸ਼ਨ ਕਰਨ ਤੇ ਕਮਾਂਡੈਂਟ ਬੀ ਐਸ ਐਫ ਪੰਡਿਤ ਜੀ ਵੱਲੋਂ ਖਿਡਾਰੀਆਂ ਨੂੰ ਟਰੈਕ ਸੂਟ ਪ੍ਰਦਾਨ ਕੀਤੇ ਗਏ। ਇਸ ਸਬੰਧੀ ਐਸਜੀਜੀਐਸ ਹਾਕੀ ਕਲੱਬ ਦੇ ਮੈਂਬਰਾਂ ਤੇ ਅਹੁਦੇਦਾਰਾਂ ਨੇ ਕਮਾਂਡੈਂਟ ਬੀ ਐਸ ਐਫ ਪੰਡਿਤ ਜੀ ਅਤੇ ਸਤਿਕਾਰ ਯੋਗ ਨਰਿੰਦਰ ਜੀ ਦਾ ਟਰਾਫੀ ਦੇ ਕੇ ਸਨਮਾਨ ਕੀਤਾ ਗਿਆ ਅਤੇ ਅਜਿਹੀਆਂ ਸ਼ਖਸੀਅਤਾਂ ਵੱਲੋਂ ਅੱਗੇ ਤੋਂ ਵੀ ਖਿਡਾਰੀਆਂ ਦਾ ਹੌਸਲਾ ਅਫ਼ਜ਼ਾਈ ਕਰਦੇ ਰਹਿਣ ਦੀ ਬਚਨਵੱਧਤਾ ਲਈ। ਇਸ ਮੌਕੇ ਕਮਾਂਡੈਂਟ ਬੀ ਐਸ ਐਫ ਪੰਡਿਤ ਜੀ ਨੇ ਕਿਹਾ ਕਿ ਬੱਚਿਆਂ ਅੰਦਰ ਖੇਡਾਂ ਦੀ ਰੁਚੀ ਦਾ ਪੈਦਾ ਹੋਣਾ ਸਮੇਂ ਦੇ ਮੁਤਾਬਿਕ ਬਹੁਤ ਵਧੀਆ ਹੈ, ਕਿਉਂਕਿ ਖੇਡ ਕਲਚਰ ਨਾਲ ਬੱਚਿਆਂ ਦੀ ਸਰੀਰਕ ਮਾਨਸਿਕ ਸਥਿਤੀ ਹਮੇਸ਼ਾ ਮਜਬੂਤ ਰਹਿੰਦੀ ਹੈ । ਉਹਨਾਂ ਕਿਹਾ ਕਿ ਉਹਨਾਂ ਨੂੰ ਇਸ ਸੇਵਾ ਕਰਨ ਤੇ ਬੇਹੱਦ ਖੁਸ਼ੀ ਮਹਿਸੂਸ ਹੋ ਰਹੀ ਹੈ ਅਤੇ ਉਹ ਅੱਗੇ ਤੋਂ ਵੀ ਅਜਿਹੀਆਂ ਸੇਵਾਵਾਂ ਨਿਰੰਤਰ ਕਰਦੇ ਰਹਿਣਗੇ ਅਤੇ ਐਸਜੀਜੀਐਸ ਕਲੱਬ ਵੱਲੋਂ ਮਿਲੇ ਪਿਆਰ ਸਤਿਕਾਰ ਦੇ ਹਮੇਸ਼ਾ ਰਿਣੀ ਰਹਿਣਗੇ ।

# ਐੱਸ.ਐੱਸ.ਡੀ ਕਾਲਜ ਦਾ ਐਮ.ਏ ਪੰਜਾਬੀ ਭਾਗ ਪਹਿਲਾ ਦਾ ਨਤੀਜਾ ਰਿਹਾ ਸ਼ਾਨਦਾਰ

**ਬਰਨਾਲਾ।** ਨਾਮਵਰ ਸੰਸਥਾ ਐੱਸ.ਐੱਸ.ਡੀ ਕਾਲਜ ਬਰਨਾਲਾ ਦੇ ਪੰਜਾਬੀ ਵਿਭਾਗ ਦਾ ਐਮ.ਏ ਪੰਜਾਬੀ ਭਾਗ ਪਹਿਲਾ ਸਮੈਸਟਰ ਦੂਜਾ ਦਾ ਨਤੀਜਾ ਸ਼ਾਨਦਾਰ ਰਿਹਾ ਹੈ । ਯੂਨੀਵਰਸਿਟੀ ਪ੍ਰੀਖਿਆ ਵਿੱਚ ਬੈਠੇ ਵਿਦਿਆਰਥੀ ਉੱਚ ਨੰਬਰ ਲੈ ਕੇ ਪਾਸ ਹੋਏ ਹਨ।ਇਹ ਜਾਣਕਾਰੀ ਦਿੰਦੇ ਹੋਏ ਕਾਲਜ ਦੇ ਪ੍ਰਿੰਸੀਪਲ ਡਾ.ਰਾਕੇਸ਼ ਕੁਮਾਰ ਜਿੰਦਲ ਨੇ ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਕਾਲਜ ਲਈ ਬਹੁਤ ਮਾਣ ਵਾਲੀ ਗੱਲ ਹੈ ਕਿ ਸਾਰੇ ਵਿਦਿਆਰਥੀ ਚੰਗੇ ਨੰਬਰ ਲੈਂਦਿਆਂ ਪ੍ਰੀਖਿਆ ਪਾਸ ਕੀਤੀ ਹੈ।ਉਹਨਾਂ ਦੱਸਿਆ ਕਿ ਕਾਲਜ ਦੀ ਐਮ.ਏ ਪੰਜਾਬੀ ਭਾਗ ਪਹਿਲਾ ਸਮੈਸਟਰ ਦੂਜਾ ਦੀ ਵਿਦਿਆਰਥਣ ਕਮਲਜੀਤ ਕੌਰ ਅਤੇ ਅਮਨਦੀਪ ਕੌਰ ਨੇ ਪਹਿਲਾ ਸਥਾਨ, ਡਿੰਪਲ ਨੇ ਦੂਜਾ ਸਥਾਨ, ਬਲਜੀਤ ਕੌਰ ਨੇ ਤੀਜਾ ਸਥਾਨ ਆਪਣੇ ਬੈਚ ਵਿੱਚੋਂ ਪ੍ਰਾਪਤ ਕੀਤਾ।ਵਿਦਿਆਰਥੀਆਂ ਨੇ ਵਿਸ਼ੇਸ਼ ਤੌਰ ਤੇ ਐਸ.ਡੀ ਸਭਾ (ਰਜਿ) ਬਰਨਾਲਾ ਦੀ ਮੈਨੇਜਮੈਂਟ ਦਾ ਧੰਨਵਾਦ ਕੀਤਾ ਜਿੰਨ੍ਹਾਂ ਦੁਆਰਾ ਸਮੇਂ-ਸਮੇਂ ਤੇ ਵਿਦਿਆਰਥੀਆਂ ਨੂੰ ਤਰਾਸ਼ਿਆ ਜਾ ਰਿਹਾ ਹੈ ਅਤੇ ਲੋੜੀਂਦੀਆ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਐਸ.ਡੀ ਸਭਾ (ਰਜਿ) ਬਰਨਾਲਾ ਦੇ ਚੇਅਰਮੈਨ ਸ੍ਰੀ ਸ਼ਿਵਦਰਸ਼ਨ ਕੁਮਾਰ ਸ਼ਰਮਾ (ਸੀਨੀਅਰ ਐਡਵੋਕੇਟ) ਨੇ ਵਿਦਿਆਰਥੀਆਂ ਨੂੰ ਆਪਣਾ ਅਸ਼ੀਰਵਾਦ ਦਿੱਤਾ ਅਤੇ ਆਉਣ ਵਾਲੇ ਭਵਿੱਖ ਲਈ ਸ਼ੁਭ ਕਾਮਨਾਵਾਂ ਦਿੱਤੀਆਂ।ਉਹਨਾਂ ਕਿਹਾ ਕਿ ਕਾਲਜ ਦੇ ਕਾਬਲ ਸਟਾਫ ਅਤੇ ਵਿਦਿਆਰਥੀਆਂ ਦੀ ਮਿਹਨਤ ਹੈ।ਐਸ.ਡੀ ਸਭਾ ਰਜਿ ਬਰਨਾਲਾ ਦੇ ਜਨਰਲ ਸੱਕਤਰ ਸ੍ਰੀ ਸ਼ਿਵ ਕੁਮਾਰ ਸਿੰਗਲਾ ਨੇ ਵਧਾਈ ਦਿੰਦੇ ਹੋਏ ਵਿਦਿਆਰਥੀਆਂ ਨੂੰ ਆਪਣਾ ਆਸ਼ੀਰਵਾਦ ਦਿੱਤਾ।ਉਹਨਾਂ ਦੱਸਿਆ ਕਿ ਐੱਸ.ਡੀ ਸਭਾ (ਰਜਿ) ਬਰਨਾਲਾ ਵਿਦਿਆਰਥੀਆਂ ਦੇ ਉਜੱਵਲ ਭਵਿਖ ਲਈ ਕਾਮਨਾ ਕਰਦਾ ਹੈ। ਪੰਜਾਬੀ ਵਿਭਾਗ ਦੇ ਹੈੱਡ ਡਾ.ਬਿਕਰਮਜੀਤ ਪੁਰਬਾ ਵੱਲੋਂ ਦੱਸਿਆ ਗਿਆ ਕਿ ਇਸ ਸਫਲਤਾ ਦਾ ਸਿਹਰਾ ਵਿਦਿਆਰਥੀਆਂ ਦੀ ਮਿਹਨਤ ਦਾ ਨਤੀਜਾ ਹੈ।ਕਾਲਜ ਵਿਖੇ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਤ ਕਰਨ ਲਈ ਸੈਮੀਨਾਰ,ਗੋਸ਼ਠੀਆਂ ਕਰਵਾਈਆਂ ਜਾਂਦੀਆਂ ਹਨ। ਇਸ ਮੌਕੇ ਪ੍ਰੋ ਭਾਰਤ ਭੂਸ਼ਨ, ਪ੍ਰੋ ਹਰਪ੍ਰੀਤ ਕੌਰ, ਪ੍ਰੋ ਸਰਬਜੀਤ ਕੌਰ,ਪ੍ਰੋ ਹਰਸ਼ਰਨ ਸਿੰਘ ,ਪ੍ਰੋ ਗੁਰਪਿਆਰ ਸਿੰਘ, ਆਦਿ ਸਮੂਹ ਸਟਾਫ ਹਾਜ਼ਰ ਸਨ।






# ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਵਲੋਂ 12 ਜਨਵਰੀ ਨੂੰ ਧੀਆਂ ਦੀ ਲੋਹੜੀ ਪਿੰਡ ਮੋਇਲਾ ਵਾਹਿਦਪੁਰ ਵਿਖੇ ਪਾਈ ਜਾਵੇਗੀ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਦੇ ਮੈਂਬਰ ਅਤੇ ਉੱਘੀ ਸਮਾਜ ਸੇਵਿਕਾ ਮੈਡਮ ਸੀਮਾ ਰਾਣੀ ਮੋਇਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਵੱਲੋਂ 12 ਜਨਵਰੀ 2025 ਨੂੰ ਸਾਡੇ ਪਿੰਡ ਮੋਇਲਾ ਵਾਹਿਦਪੁਰ ਵਿਚ ਧੀਆਂ ਦੀ ਲੋਹੜੀ ਦਾ



ਆਯੋਜਨ ਕੀਤਾ ਜਾ ਰਿਹਾ ਹੈ। ਜੋ ਕਿ ਇਕ ਸਲਾਘਾ ਯੋਗ ਕਦਮ ਹੈ। ਜਿਸ ਨਾਲ ਸਮਾਜ ਵਿਚ ਬੇਟਾ ਅਤੇ ਬੇਟੀ ਨਾਲ ਕੀਤੇ ਜਾ ਰਹੇ ਵਿਤਕਰੇ ਨੂੰ ਖਤਮ ਕੀਤਾ ਜਾ ਸਕੇਗਾ। ਬੇਟੀਆਂ ਨੂੰ ਬਣਦਾ ਮਾਣ ਸਨਮਾਨ ਵੀ ਮਿਲੇਗਾ। ਇਸ ਆਯੋਜਨ ਤੋ ਸੇਧ ਲੈਂਦੇ ਹੋਏ ਸਾਰਿਆ ਨੂੰ ਆਪਣੀਆਂ ਬੇਟੀਆਂ ਦੀ ਲੋਹੜੀ ਪਾਉਣੀ ਚਾਹੀਦੀ ਹੈ। ਸਾਡੇ ਪਿੰਡ ਵਲੋ ਸੁਸਾਇਟੀ ਦਾ ਇਸ ਆਯੋਜਨ ਵਿਚ ਪੂਰਾ ਸਹਿਯੋਗ ਦਿੱਤਾ ਜਾਵੇਗਾ।

## ਅਸਲੀ ਖ਼ਤਰਾ

ਕੋਈ ਕਹੇ ਕਿ ਧਰਮ ਨੂੰ ਖ਼ਤਰੈ ,
ਕੋਈ ਕਹੇ ਮੇਰੀ ਜਾਤ ਨੂੰ ਹੈ ।
ਕੋਈ ਸੋਚੇ ਦੌਲਤ ਨੂੰ ਖ਼ਤਰੈ ,
ਜਾਂ ਫ਼ਿਰ ਅਖੌਤੀ ਪ੍ਰਭਾਤ ਨੂੰ ਹੈ ।
ਜਿੰਦਣ ਦੇ ਕੱਚੇ ਢਾਰਿਆਂ ਅਤੇ ,
ਕੁੱਲ੍ਹੀਆਂ ਵਿੱਚ ਸੂਰਜ ਉੱਗੇ ਨੇ ;
ਰੁਲਦੂ ਕਹੇ ਅਸਲੀ ਤਾਂ ਖ਼ਤਰਾ ,
ਗ਼ਰੀਬਾਂ ਦੀ ਕਾਲ਼ੀ ਰਾਤ ਨੂੰ ਹੈ ।

**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ
ਸਭਾ ਧੂਰੀ ਜਿਲ੍ਹਾ ਸੰਗਰੂਰ।
9914836037



## (ਇਹ ਦੁਨੀਆਂ ਖ਼ੁਸ਼ ਨਹੀਂ ਹੋਣੀ ਯਾਰ )

ਓ ਭਾਵੇਂ, ਲਾ ਦਿਓ ਲੱਖ ਕਰੋੜ
ਦਿਓ ਮੀਹ, ਵਾਂਗੂੰ ਪੈਸਾ ਰੋੜ੍ਹ
ਨਾ ਕੋਈ, ਰੱਖਿਓ ਭਾਵੇਂ ਥੋੜ
ਤੇ ਭਾਵੇਂ, ਕਰ ਲਿਓ ਯਤਨ ਹਜ਼ਾਰ
ਇਹ ਦੁਨੀਆਂ ਖੁਸ਼ ਨਹੀਂ ਹੋਣੀ ਯਾਰ
ਇਹ ਦੁਨੀਆਂ ਖੁਸ਼ ਨਹੀਂ ਹੋਣੀ ਯਾਰ
ਅੱਜ ਕੱਲ੍ਹ ਹਰ ਥਾਂ ਇਹੀ ਰੁਝਾਨ
ਬੁੱਲ੍ਹਾਂ ਤੇ ਆਉਂਦੀ ਨਹੀਂ ਮੁਸਕਾਨ
ਓ ਭਾਵੇਂ, ਕੱਢ ਕੇ ਦੇ ਦਿਓ ਜਾਨ
ਇਹਨਾਂ ਨੇ ਹੱਸਣਾ ਵਾਂਗ ਗਵਾਰ
ਇਹ ਦੁਨੀਆਂ ਖੁਸ਼ ਨਹੀਂ ਹੋਣੀ ਯਾਰ
ਇਹ ਦੁਨੀਆਂ ਖੁਸ਼ ਨਹੀਂ ਹੋਣੀ ਯਾਰ
ਥੋਨੂੰ ਦੁੱਖ ਦੇ ਕੇ ਹੱਸਦੀ ਇਹ
ਤੇ ਉਪਰੋਂ ਤਾਅਨੇ ਕੱਸ ਦੀ ਇਹ
ਥੋਨੂੰ ਹੀ, ਮਾੜਾ ਦੱਸਦੀ ਇਹ
ਨਾ ਇਸਤੇ ਕਰਿਓ ਕੋਈ ਇਤਬਾਰ
ਇਹ ਦੁਨੀਆਂ ਖੁਸ਼ ਨਹੀਂ ਹੋਣੀ ਯਾਰ
ਇਹ ਦੁਨੀਆਂ ਖੁਸ਼ ਨਹੀਂ ਹੋਣੀ ਯਾਰ
ਕਰੋ ਓਹੀ , ਜੋ ਦਿਲ ਚਾਹਵੇ
ਕਿਸੇ ਮਨ, ਭਾਵੇ ਨਾ ਭਾਵੇ
ਇਹ ਦੁਨੀਆਂ ,ਢੱਠੇ ਖੂਹ ਜਾਵੇ
ਹੋਇਓ ਨਾ ਇਸ ਲਈ ਖੱਜਲ ਖੁਆਰ
ਇਹ ਦੁਨੀਆਂ ਖੁਸ਼ ਨਹੀਂ ਹੋਣੀ ਯਾਰ
ਇਹ ਦੁਨੀਆਂ ਖੁਸ਼ ਨਹੀਂ ਹੋਣੀ ਯਾਰ
ਇਹ ਝੂਠੀ, ਸ਼ਾਨ ਦੀ ਭੁੱਖੀ
ਇਹ ਦੁਨੀਆਂ, ਖਾਣ ਦੀ ਭੁੱਖੀ
ਮੁਫ਼ਤ ਜਲ - ਪਾਨ ਦੀ ਭੁੱਖੀ
"ਖੁਸ਼ੀ" ਚੁੱਪ ਰਹਿ ਕੇ ਵਕਤ ਗੁਜ਼ਾਰ
ਇਹ ਦੁਨੀਆਂ ਖੁਸ਼ ਨਹੀਂ ਹੋਣੀ ਯਾਰ
ਇਹ ਦੁਨੀਆਂ ਖੁਸ਼ ਨਹੀਂ ਹੋਣੀ ਯਾਰ



**ਖੁਸ਼ੀ ਮੁਹੰਮਦ 'ਚੱਠਾ'**

## ਮਾਛੀਵਾੜੇ ਦੇ ਜੰਗਲਾਂ ਵਿੱਚ

ਅੱਜਕੱਲ੍ਹ ਮੈਂ
ਮਾਛੀਵਾੜੇ ਦੇ ਜੰਗਲ ਵਿੱਚ ਹਾਂ
ਮੈਂ ਜੰਗਲਾਂ ਵਿੱਚ ਹਾਂ ਜਾਂ ਮੇਰੇ ਵਿੱਚ ਜੰਗਲ ਹੈ
ਮੈਂ ਉਹਨਾਂ ਪਲਾਂ ਨੂੰ ਮਿਲਣ ਆਇਆ ਹਾਂ
ਜਿਹਨਾਂ ਪਲਾਂ ਵਿੱਚ ਗੁਰੂ ਜੀ ਆਏ ਸਨ
ਮੈਂ ਕਈ ਦਿਨ ਮਾਛੀਵਾੜੇ ਦੇ ਕੰਕਰੀਟ
ਜੰਗਲਾਂ ਵਿੱਚ ਘੁੰਮਦਾ ਫਿਰਦਾ ਹਾਂ
ਮੈਨੂੰ ਗੁਰੂ ਜੀ ਤਾਂ ਟਿੰਡ ਦਾ ਸਰਾਣਾ ਲਾਈ
ਪਏ ਦਿਖਦੇ ਹਨ ਪਰ ਕੋਈ
ਗੁਰੂ ਦਾ ਸਿੱਖ ਨਜ਼ਰ ਨਹੀਂ ਆਇਆ
ਸਿੱਖ ਕਿਧਰ ਗਏ ਹਨ?
ਉਂਝ ਧੜਾਂ ਦੀ ਭੀੜ ਹੈ
ਜੋ ਇੱਕ ਦੂਜੇ ਦੇ ਪੈਰ ਮਿੱਧ ਕੇ
ਦੌੜ ਰਹੀ ਹੈ।
ਮੈਂ ਗੁਰੂ ਜੀ ਦੇ ਚਰਨਾਂ ਵੱਲ ਬੈਠਾ
ਉਨ੍ਹਾਂ ਨਾਲ ਮਨ ਹੀ ਮਨ ਗੱਲਾਂ ਕਰਦਾ ਹਾਂ
ਗੁਰੂ ਜੀ ਦੇ ਜ਼ਖ਼ਮੀ ਪੈਰ ਹਨ
ਲੀੜੇ ਪਾਟੇ ਹਨ
ਪਰ ਮਨ ਉਹਨਾਂ ਦਾ ਸਬੂਤਾ ਹੈ
ਉਹਨਾਂ ਦਾ ਮੁੱਖ ਨੂਰੋ ਨੂਰ ਹੈ
ਇੱਕ ਅਵੱਲਾ ਸਰੂਰ ਹੈ
ਸੂਰਜ ਵਾਂਗੂੰ ਦਗਦਾ ਮੁੱਖ
ਹਵਾ ਵਿੱਚ ਆਵਾਜ਼ ਗੂੰਜਦੀ ਹੈ
ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ
ਕੋਈ ਗਾ ਰਿਹਾ ਹੈ
ਮੈਂ ਸਾਹ ਰੋਕ ਕਿ ਬੈਠਾ ਹਾਂ
ਕਿਤੇ ਗੁਰੂ ਜੀ ਦੀ ਅੱਖ ਨਾ ਖੁੱਲ੍ਹ ਜਾਵੇ
ਮੈਂ ਦੱਬੇ ਪੈਰੀਂ
ਬੁੱਢੇ ਦਰਿਆ ਵੱਲ ਜਾਂਦਾ ਹਾਂ
ਉਹ ਤਾਂ ਇਹ ਦਰਿਆ ਨਹੀਂ
ਇਹ ਤਾਂ ਕੋਈ ਗੰਦਾ ਨਾਲਾ ਹੈ
ਉਸਦਾ ਗੰਦਾ ਪਾਣੀ
ਮੈਨੂੰ ਜ਼ਹਿਰ ਵਰਗਾ ਲੱਗਦਾ ਹੈ
ਮੈਂ ਉਸਦੇ ਕਿਨਾਰੇ ਬਹਿ ਜਾਂਦਾ ਹਾਂ
ਬੁੱਢਾ ਦਰਿਆ ਮੈਨੂੰ ਸਵਾਲ ਕਰਦਾ ਹੈ
ਭਲਾ ਮੈਨੂੰ ਕਿਉਂ ਪਲੀਤ ਕਰ ਦਿੱਤਾ ਹੈ?
ਮੇਰਾ ਕੀ ਕਸੂ ਹੈ ?
ਮੇਰੇ ਕੋਲ ਜਵਾਬ ਨਹੀਂ
ਫੇਰ ਕੋਈ ਗਾ ਰਿਹਾ ਹੈ
ਯਾਰੜੇ ਦਾ ਸਾਨੂੰ ਸੱਥਰ ਚੰਗਾ
ਭੱਠ ਖੇੜਿਆਂ ਦਾ ਰਹਿਣਾ
ਗੁਰੂ ਜੀ ਜਾਗਦੇ ਹਨ
ਮੈਂ ਸੌ ਜਾਂਦਾ ਹਾਂ
ਮੈਂ ਕਦੋਂ ਜਾਗਾਂਗਾ ?
ਪਤਾ ਨਹੀਂ
ਤੁਸੀਂ ਕਦੋਂ ਗੂੜ੍ਹੀ ਨੀਂਦ ਵਿੱਚੋਂ ਜਾਗੋ ਗੇ ??
ਮੈਂ ਨਹੀਂ ਜਾਣਦਾ
ਪਰ ਮੈਂ ਆਪਾਂ ਛਾਣਦਾ ਹਾਂ
ਮੈਂ ਕਿਸੇ ਦੇ ਨਾਲ ਨਾਲ ਤੁਰਦਾ ਹਾਂ
ਕੋਈ ਮੇਰੇ ਨਾਲ ਨਾਲ ਤੁਰ ਰਿਹਾ ਹੈ
ਮੈਂ ਜੰਗਲ ਗੁਆਚ ਗਿਆ ਹਾਂ
ਮਾਛੀਵਾੜਾ ਮੇਰੇ ਨਾਲ ਗੱਲਾਂ ਕਰਦਾ ਹੈ
ਮੈਂ ਕੰਕਰੀਟ ਦੇ ਜੰਗਲ ਵਿੱਚ ਹਾਂ
ਜੰਗਲ ਵਿੱਚ ਹੈ
ਮਾਛੀਵਾੜਾ ਦੇ ਜੰਗਲਾਂ ਵਿੱਚ





**ਬੁੱਧ ਸਿੰਘ ਨੀਲੋਂ**
9464370823

## ਪ੍ਰਕਾਸ਼ ਪੁਰਬ

ਅੰਮ੍ਰਿਤ ਵੇਲੇ, ਜਪਨਾਮ ਕਵੋ
ਵਾਹਿਗੁਰੂ ਜੀ, ਸਤਿਨਾਮ ਕਵੋ
ਪ੍ਰਕਾਸ਼ ਪੁਰਬ ਗੁਰੂ ਗੋਬਿੰਦ ਦਾ
ਕੋਟਿ ਕੋਟਿ ਪ੍ਰਣਾਮ ਕਵੋ

ਗੁਰੂ ਗੋਬਿੰਦ ਸਿੰਘ ਜੀ ਨਿਆਰੇ ਨੇ
ਸਭ ਮਜ਼ਹਬ ਕਹਿਣ ਹਮਾਰੇ ਨੇ
ਓਹ ਸਬਦੇ ਰਾਜ਼ ਦੁਲਾਰੇ ਨੇ
ਓਹ ਉੱਚ ਸ਼ਰੀਫ਼ ਦੇ ਲਾਹੜੇ ਨੇ

ਰੌਸ਼ਨ ਪੰਜਾਬ ਤੇ ਹਿੰਦ ਹੋਇਆ
ਦਸ਼ਮੇਸ਼ ਪਿਤਾ ਗੋਬਿੰਦ ਹੋਇਆ
ਗੱਲ ਕਿਉਂ ਨਾ ਖੁੱਲ੍ਹ ਕੇ ਆਖਾਂ ਮੈਂ
ਓਹ ਸਾਡੀ ਜਾਨ, ਤੇ ਜਿੰਦ ਹੋਇਆ

ਓਹ ਫ਼ਾਰਸੀ ਉਰਦੂ ਦਾਨ ਹੋਏ
ਓਹ ਵਾਕਿਫ਼ ਹਰਿ ਹਰਿ ਗਿਆਨ ਹੋਏ
ਫ਼ਿਰ ਇਲਮ ਸਮੁੰਦਰ ਦਾਨ ਹੋਏ
ਓਹ ਤਾਲਿਬ ਪਾਕ ਕੁਰਾਨ ਹੋਏ

ਜਦ ਰੱਬ ਦਾ ਹੁਕਮ ਹਜ਼ੂਰ ਹੋਇਆ
ਹਰਿ ਪਾਸੇ ਨੂਰ ਹਿ ਨੂਰ ਹੋਇਆ
ਇਕ ਲਾਟ ਪਈ ਸੀ ਅਰਸ਼ਾਂ ਤਕ
ਫ਼ਿਰ ਜਲਵਾ ਕੋਹੇ ਤੂਰ ਹੋਇਆ

ਮੇਰੇ ਉੱਚ ਸ਼ਰੀਫ਼ ਦੇ ਪੀਰ ਗੋਬਿੰਦ
ਬੇ ਮਿਸਲ ਓ ਬੇ ਨਜ਼ੀਰ ਗੋਬਿੰਦ
ਤੈਨੂੰ ਰੱਬ ਨੇ ਆਪ ਪਸੰਦ ਕੀਤਾ
ਤੁਸੀ ਹੱਕ ਦਾ ਅਲਮ ਬੁਲੰਦ ਕੀਤਾ



**ਅਬਦੁੱਲ ਜਬਾਰ ਅਦਾ**
**ਕਸੂਰ ( ਪਾਕਿਸਤਾਨ )**

ਸਮਾਜ ਵੀਕਲੀ ਨਿਊਜ਼



# ਯੁਵਕ ਸੇਵਾਵਾਂ ਵਿਭਾਗ ਵੱਲੋਂ ਚਲਾਇਆ ਜਾ ਰਿਹਾ ਹੈ ਨਸ਼ਿਆਂ ਵਿਰੁੱਧ ਜਾਗਰੂਕਤਾ ਅਭਿਆਨ










ਡਾਇਰੈਕਟਰ, ਯੁਵਕ ਸੇਵਾਵਾਂ ਵਿਭਾਗ ਪੰਜਾਬ, ਚੰਡੀਗੜ੍ਹ ਜੀ ਦੇ ਦਿਸ਼ਾਂ ਨਿਰਦੇਸ਼ਾਂ ਤਹਿਤ ਦਵਿੰਦਰ ਸਿੰਘ ਲੋਟੇ ਸਹਾਇਕ ਡਾਇਰੈਕਟਰ, ਯੁਵਕ ਸੇਵਾਵਾਂ ਵਿਭਾਗ ਲੁਧਿਆਣਾ ਦੀ ਅਗਵਾਈ ਵਿੱਚ ਵਿਭਾਗ ਨਾਲ ਐਫੀਲੀਏਟਡ ਯੂਥ ਕਲੱਬਾਂ ਰਾਹੀਂ ਕਰਵਾਏ ਜਾ ਰਹੇ ਨਸ਼ਿਆਂ ਵਿਰੁੱਧ ਜਾਗਰੂਕਤਾ ਅਭਿਆਨ ਦੌਰਾਨ ਮਿਤੀ: 05.01.2025 ਨੂੰ ਪਿੰਡ ਬੱਲੋਕੇ ਵਿੱਚ ਸੈਮੀਨਾਰ ਅਤੇ ਨੁੱਕੜ ਨਾਟਕ ਕਰਵਾਇਆ ਗਿਆ।ਇਸ ਦੌਰਾਨ ਦਵਿੰਦਰ ਸਿੰਘ ਲੋਟੇ ਸਹਾਇਕ ਡਾਇਰੈਕਟਰ ਨੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਸ਼ੇ ਪੰਜਾਬ ਦੀ ਜਵਾਨੀ ਨੂੰ ਖਤਮ ਕਰ ਰਹੇ ਹਨ, ਇਹਨਾਂ ਤੋਂ ਬਚਣ ਲਈ ਸਾਰਿਆਂ ਨੂੰ ਰਲ ਕੇ ਹੰਭਲਾ ਮਾਰਨ ਦੀ ਲੋੜ ਹੈ ਕਿਉਂਕਿ ਨਸ਼ਿਆਂ ਵਿੱਚ ਗ੍ਰਸਤ ਹੋਈ ਨੌਜਵਾਨੀ ਗਲਤ ਰਸਤੇ ਅਪਣਾ ਕੇ ਆਪਣਾ ਅਤੇ ਆਪਣੇ ਪਰਿਵਾਰ ਦਾ ਭਵਿੱਖ ਖਰਾਬ ਕਰ ਰਹੀ ਹੈ ਜਿਸ ਦਾ ਖਮਿਆਜ਼ਾ ਪੂਰੇ ਸਮਾਜ ਨੂੰ ਵੀ ਭੁਗਤਣਾ ਪੈਂਦਾ ਹੈ।ਉਹਨਾਂ ਨੇ ਦੱਸਿਆ ਕਿ ਸਰਕਾਰ ਵੱਲੋਂ ਪੰਜਾਬ ਦੀ ਨੌਜਵਾਨੀ ਨੂੰ ਬਚਾਉਣ ਲਈ ਯੁਵਕ ਸੇਵਾਵਾਂ ਵਿਭਾਗ ਰਾਹੀਂ ਜ਼ਿਲ੍ਹੇ ਦੇ ਵੱਖ ਵੱਖ ਪਿੰਡਾਂ ਵਿੱਚ ਨਸ਼ਿਆਂ ਵਿਰੁੱਧ ਜਾਗਰੂਕਤਾ ਅਭਿਆਨ ਚਲਾਇਆ ਜਾ ਰਿਹਾ ਹੈ।ਇਸ ਸੈਮੀਨਾਰ ਵਿੱਚ ਡਾ. ਸੰਧਿਆ, ਸਿਵਿਲ ਡਿਸਪੈਂਸਰੀ, ਹੈਬੋਵਾਲ ਕਲਾਂ, ਲੁਧਿਆਣਾ ਜੀ ਨੇ ਵੀ ਆਪਣੇ ਭਾਸ਼ਣ ਦੌਰਾਨ ਦੱਸਿਆ ਕਿ ਕਿਸ ਤਰ੍ਹਾਂ ਅੱਜ ਦਾ ਨੌਜਵਾਨ ਨਸ਼ਿਆਂ ਦੀ ਜਕੜ ਵਿੱਚ ਆਉਂਦਾ ਹੈ ਅਤੇ ਇਹਨਾਂ ਮਾਰੂ ਨਸ਼ਿਆਂ ਤੋਂ ਕਿਵੇਂ ਬਚਿਆ ਜਾ ਸਕਦਾ ਹੈ।ਉਹਨਾਂ ਇਹ ਵੀ ਦੱਸਿਆ ਕਿ ਜੋ ਨੌਜਵਾਨ ਨਸ਼ਾ ਛੱਡਣਾ ਚਾਹੁੰਦੇ ਹਨ, ਉਹ ਨਸ਼ਾ ਛੁਡਾਉ ਕੇਂਦਰਾਂ ਵਿੱਚ ਜਾ ਕੇ ਨਸ਼ਾ ਛੁਡਵਾ ਸਕਦੇ ਹਨ।ਸ਼੍ਰੀਮਤੀ ਮਧੂ ਬਾਲਾ ਐਸ.ਐਚ.ਓ, ਇੰਚਾਰਜ਼ ਹੈਬੋਵਾਲ ਨੇ ਵੀ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਬਾਰੇ ਦੱ ਜਾਣੂ ਕਰਵਾਇਆ । ਸੈਮੀਨਾਰ ਦੇ ਅੰਤ ਵਿੱਚ ਨਸ਼ਿਆਂ ਦੇ ਮਾਰੂ ਅਸਰ ਦਿਖਾਉਂਦਾ ਇੱਕ ਨੁੱਕੜ ਨਾਟਕ ਵੀ ਖੇਡਿਆ ਗਿਆ।ਅੰਤ ਵਿੱਚ ਸ਼੍ਰੀ ਅਭਿਸ਼ੇਕ ਸਿੰਘ, ਪ੍ਰਧਾਨ ਯੂਵਕ ਸੇਵਾਵਾਂ ਕਲੱਬ, ਬੱਲੋਕੇ ਵੱਲੋਂ ਆਏ ਹੋਏ ਯੁਵਕ ਸੇਵਾਵਾਂ ਵਿਭਾਗ ਦੀ ਸਾਰੀ ਟੀਮ ਅਤੇ ਪਿੰਡ ਦੇ ਸਰਪੰਚ ਸ਼੍ਰੀ ਗੌਰਵ ਰੂਪਰਾਏ, ਸਮੂਹ ਗ੍ਰਾਮ ਪੰਚਾਇਤ ਅਤੇ ਪਿੰਡ ਦੇ ਹੋਰ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ ਗਿਆ।ਇਸ ਸੈਮੀਨਾਰ ਦੌਰਾਨ ਵਿਕਾਸ ਸ਼ਰਮਾ ,ਰਾਹੁਲ ਨੇਗੀ, ਸਨੀ, ਸਿਕੰਦਰ ਗਿੱਲ, ਸਤਬੀਰ ਸਿੰਘ ਸਿਮਾਜ ਸੇਵੀ ਅਤੇ ਯੁਵਕ ਸੇਵਾਵਾਂ ਕਲੱਬ ਬੱਲੋਕੇ ਦੇ ਮੈਂਬਰ ਵੀ ਹਾਜ਼ਰ ਸਨ।

**ਸਹੀ**
**ਸਹਾਇਕ ਡਾਇਰੈਕਟਰ,**
**ਯੁਵਕ ਸੇਵਾਵਾਂ, ਲੁਧਿਆਣਾ**

# ਅਗਰ ਬਸਪਾ ਨੂੰ ਸੱਤਾ ਤੱਕ ਪਹੁੰਚਾਉਣਾ ਚਾਹੁੰਦੇ ਹੋ ਤਾਂ ਕੁਝ ਤਬਦੀਲੀਆਂ ਕਰਨ ਦੀ ਜ਼ਰੂਰਤ ਹੈ

**ਬੰਗਾ( ਚਰਨਜੀਤ ਸੱਲ੍ਹਾ )** ਅਗਰ ਬਸਪਾ ਨੂੰ ਸੱਤਾ ਤੱਕ ਪਹੁੰਚਾਉਣ ਹੈ ਤਾਂ 2027 ਦੇ ਟਾਰਗੇਟ ਨੂੰ ਹੁਣੇ ਤੋਂ ਚਣੌਤੀ ਫੈਕਸ ਕਰਕੇ ਚੱਲੋ ਪੂਰੇ ਪੰਜਾਬ ਨੂੰ ਅੱਠ ਜੋਨਾਂ ਭਾਵ ਦੁਆਬੇ ਦੇ ਦੋ ਜੋਨ ਮਾਲਵੇ ਦੇ ਚਾਰ ਜੋਨ ਤੇ ਮਾਝੇ ਦੇ ਵੀ ਦੋ ਜੋਨ ਬਣਨ । ਇਹਨਾਂ ਅੱਠ ਜੋਨਾਂ ਦੇ ਮਜਬੂਤ, ਸੂਝਵਾਨ, ਜਨਤਾ ਚ ਪ੍ਰਭਾਵ ਛੱਡਣ ਵਾਲੇ, ਮਿਸ਼ਨ ਤੇ ਰਾਜਨੀਤੀ ਦੀ ਏ ਟੂ ਜੈਡ ਜਾਣਕਾਰੀ ਰੱਖਣ ਵਾਲੇ,ਜਨਤਾ ਨੂੰ ਆਕਰਸ਼ਿਤ ਕਰਨ ਵਾਲੇ,ਮਿਸ਼ਨ ਮੂਵਮੈਂਟ ਚ ਟਿਕੇ ਰਹਿਣ ਪਰਿਵਾਰਕ ਪਿਛੋਕੜ ਸਾਫ ਸੁਥਰੇ ਵਾਲੇ ਤੇ ਜੋਨ ਵਿਚਲੀਆਂ ਬਹੁਗਿਣਤੀ ਵੋਟਾਂ ਵਾਲੀਆਂ ਜਾਤਾਂ ਦੇ ਪ੍ਰਧਾਨ ਬਣਾਏ ਜਾਣ ਤੇ ਉਹਨਾਂ ਪ੍ਰਧਾਨਾ ਨੂੰ ਸਿਰਫ ਤੇ ਸਿਰਫ ਪੈਸਾ ਇਕੱਠਾ ਕਰਕੇ ਜਲੰਧਰ ਪਹੁੰਚਾਉਣ ਦੀ ਜੁੰਮੇਵਾਰੀ ਨਾ ਦਿੱਤੀ ਜਾਵੇ ਉਹਨਾਂ ਨੂੰ ਆਪਣੇ ਜੋਨ ਮਜਬੂਤ ਕਰਕੇ ਦਿਖਾਉਣ ਲਈ ਤਿਆਰ ਕੀਤਾ ਜਾਵੇ ਤੇ ਸ੍ਰ ਅਵਤਾਰ ਸਿੰਘ ਕਰੀਮਪੁਰੀ ਅੱਠੇ ਜੋਨਾਂ ਨੂੰ ਮੋਨੀਟਰਿੰਗ ਕਰਨ। ਨਾਲ ਹੀ ਇਹ ਵੀ ਬਹੁਤ ਜਰੂਰੀ ਏ ਕਿ ਬਸਪਾ ਆਪਣਾ ਵਿਦਿਆਰਥੀ ਵਿੰਗ, ਮਹਿਲਾ ਵਿੰਗ ਤੇ ਕਾਨੂੰਨੀ ਵਿੰਗ ਫਿਰ ਤੋਂ ਬਹਾਲ ਕਰੇ ਪਹਿਲਾਂ ਤੋਂ ਵੀ ਮਜਬੂਤੀ ਨਾਲ।ਇਸ ਤੋਂ ਸ਼ੋਸ਼ਲ ਮੀਡੀਏ ਤੇ ਸਮੇਂ ਦੇ ਹਾਣੀ ਬਣਨਾ ਪਵੇਗਾ ਆਥੋਰਾਈਜ ਆਈ ਟੀ ਸੈਲ ਸਥਾਪਿਤ ਕਰਨਾ ਅਤਿ ਜਰੂਰੀ ਏ ਤੇ ਪੂਰੇ ਚ ਹਰ ਜਿਲੇ ਦਾ ਇਕ ਇਕ ਮੁੱਖ ਸਪੋਕਸ ਪਰਸ਼ਨ ਤੇ ਸੂਬਾ ਪੱਧਰ ਤੇ ਘੱਟੋ-ਘੱਟ 11 ਸਪੋਕਸਪਰਸ਼ਨ ਹੋਣ ਜੋ ਰੋਜ਼ਾਨਾ ਹਰੇਕ ਚੈਨਲ ਤੇ ਡਿਬੇਟ ਚ ਹਿੱਸਾ ਲੈਣ। ਉਮੀਦ ਏ ਬਸਪਾ ਤੇ ਪੰਜਾਬ ਨੂੰ ਪਿਆਰ ਕਰਨ ਵਾਲੇ ਲੋਕ ਜਰੂਰ ਇਸ ਗੱਲ ਨੂੰ ਕਰੀਮਪੁਰੀ ਸਾਹਿਬ ਕੋਲ ਪਹੁੰਚਾਉਣ ਗੇ ਤੇ ਬਸਪਾ ਲੀਡਰਸ਼ਿੱਪ ਦੀ ਮਜਬੂਰੀ ਬਣਾ ਦੇਣਗੇ ਇਸ ਤਰਾਂ ਦਾ ਢਾਂਚਾ ਤਿਆਰ ਕਰਨ ਲਈ ਸਾਰੇ ਜ਼ੋਰ ਲਗਾਉਣ। ਰਾਜਵੀਰ ਗੰਗੜ ਅਤੇ ਬਾਕੀ ਸਾਥੀ ਬਸਪਾ ਨੂੰ ਚੜ੍ਹਦੀ ਕਲਾ ਵਿੱਚ ਦੇਖਣ ਵਾਲੇ।



# ਪਿੰਡ ਬਖਲੌਰ ਵਿਖੇ ਲਾਇਬ੍ਰੇਰੀ ਅਤੇ ਫ੍ਰੀ ਕੰਪਿਊਟਰ ਕੋਰਸ ਦਾ ਉਦਘਾਟਨ ਕੀਤਾ: ਡਾ ਸੁਖਵਿੰਦਰ ਸੁੱਖੀ

**ਬੰਗਾ (ਚਰਨਜੀਤ ਸੱਲ੍ਹਾ )** ਪਿੰਡ ਬਖਲੌਰ ਵਿਖੇ ਡਾਕਟਰ ਸੁਖਵਿੰਦਰ ਕੁਮਾਰ ਸੁੱਖੀ ਜੀ MLA ਵਲੋਂ ਪਿੰਡ ਦੀ ਅਗਾਂਹ ਵਧੂ ਸੋਚ ਦੇ ਮਾਲਕ ਨਗਰ ਨਿਵਾਸੀਆਂ MRI ਵੀਰਾਂ ਅਤੇ ਦਰ BR Ambedkar ਵੈਲਫੇਅਰ ਸੋਸਾਇਟੀ ਦੇ ਸਹਿਯੋਗ ਨਾਲ ਖੋਲ੍ਹੇ ਫ੍ਰੀ ਕੰਪਿਊਟਰ ਕੋਰਸ ਅਤੇ ਲਾਇਬ੍ਰੇਰੀ ਦੇ ਉਦਘਾਟਨ ਤੋਂ ਬਾਅਦ ਪ੍ਰਬੰਧਕਾਂ ਵਲੋ ਕੀਤੇ ਸਨਮਾਨ ਮੌਕੇ ਿਲਅ ਸਾਹਿਬ ਵਲੋਂ ਕੀਤੇ ਮਾਣ ਸਨਮਾਨ ਲਈ ਧੰਨਵਾਦ ਕਰਦੇ ਹੋਏ । ਇਸ ਟਾਇਮ ਸੋਹਣ ਲਾਲ ਢੰਡਾ, ਮਾਂ ਮੱਖਣ ਲਾਲ ਬਖਲੌਰ ਜੀ ਅਤੇ ਪਿੰਡ ਵਾਸੀਆਂ ਨੇ ਵਿਸ਼ੇਸ਼ ਕਰਕੇ ਧੰਨਵਾਦ ਕੀਤਾ ਅਤੇ ਗੱਲਬਾਤ ਸੁਣੀ।





# ਕ੍ਰਿਸਟਲ ਕ੍ਰੋਪ ਪ੍ਰੋਟੇਕਸ਼ਨ ਨੇ ਅਧਿਗਰਿਹਣ ਦੇ ਨਾਲ ਝੋਨੇ ਦੇ ਖਰਪਤਵਾਰਨਾਸ਼ਕਾਂ ਵਿੱਚ ਅਗਵਾਈ ਨੂੰ ਮਜਬੂਤ ਕੀਤਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਕ੍ਰਿਸਟਲ ਕ੍ਰੋਪ ਪ੍ਰੋਟੇਕਸ਼ਨ ਨੇ ਘੋਸ਼ਣਾ ਕੀਤੀ ਹੈ ਕਿ ਉਹ ਕੁੱਝ ਏਸ਼ੀਆਈ ਦੇਸ਼ਾਂ ਵਿੱਚ ਵਿਕ੍ਰੀ ਲਈ ਬਾਇਰ ਏਜੀ ਤੋਂ ਇਸਦੇ ਸਰਗਰਮ ਤੱਤ ਏਥੋਕਸੀਸਲਫਿਊਰਾਨ ਦਾ ਅੰਤਰ ਰਾਸ਼ਟਰੀ ਪੱਧਰ ਉੱਤੇ ਅਧਿਗਰਿਹਣ ਕਰੇਗਾ। ਇਸ ਅਧਿਗਰਿਹਣ ਨੂੰ ਕ੍ਰਿਸਟਲ ਦਾ 13ਵਾਂ ਅਹਿਮ ਸਮਝੌਤਾ ਮੰਨਿਆ ਜਾ ਸਕਦਾ ਹੈ ਅਤੇ ਸਾਲ 2021 ਵਿੱਚ ਭਾਰਤੀ ਕਪਾਹ, ਬਾਜਰਾ ਅਤੇ ਸਰੋਂ ਦੇ ਬੀਜ ਪੋਰਟਫੋਲਿਓ ਦੇ ਅਧਿਗਰਿਹਣ ਦੇ ਬਾਅਦ ਇਹ ਬਾਇਰ ਤੋਂ ਕੀਤਾ ਗਿਆ ਦੂਜਾ ਅਧਿਗਰਿਹਣ ਹੈ। ਇੰਟਰਨੇਸ਼ਨਲ ਫਾਇਨੇਂਸ ਕਾਰਪੋਰੇਸ਼ਨ (ਆਈਏਫਸੀ) ਦੁਆਰਾ ਸਥਾਪਿਤ, ਕ੍ਰਿਸਟਲ ਕ੍ਰੋਪ ਇੱਕ ਅਨੁਸੰਧਾਨ ਅਤੇ ਵਿਕਾਸ ਉੱਤੇ ਆਧਾਰਿਤ ਕੰਪਨੀ ਹੈ ਜੋ 4 ਦਸ਼ਕਾਂ ਤੋਂ ਜਿਆਦਾ ਸਮਾਂ ਤੋਂ ਕਿਸਾਨਾਂ ਨੂੰ ਫਸਲ ਦੇ ਉੱਨਤ ਸਮਾਧਾਨ ਪ੍ਰਦਾਨ ਕਰਦੀ ਆ ਰਹੀ ਹੈ। ਇਹ ਕ੍ਰਿਸਟਲ ਦੇ ਸਭ ਤੋਂ ਵੱਡੇ ਅਧਿਗਰਿਹਣਾਂ ਵਿੱਚੋਂ ਇੱਕ ਹੈ, ਜਿਸਦੇ ਜਰਿਏ ਚਾਵਲ (ਝੋਨੇ) ਦੇ ਖਰਪਤਵਾਰਨਾਸ਼ਕ ਬਾਜ਼ਾਰ ਵਿੱਚ ਆਪਣੀ ਸਥਿਤਿ ਮਜਬੂਤ ਕਰਦੇ ਹੋਏ ਇਸਦੇ ਓਭੀਧਠਅ ਵਿੱਚ 20% ਤੱਕ ਦੀ ਵਾਧਾ ਹੋਵੇਗਾ।

ਇਸ ਸਮੱਝੌਤੇ ਤੋਂ ਭਰੋਸੇਯੋਗ ਸਨਰ-ਾਇਸ ਟ੍ਰੇਡਮਾਰਕ ਅਤੇ ਏਥੋਕਸੀਸਲਫਿਊਰਾਨ ਯੁਕਤ ਮਿਸ਼ਰਣ ਉਤਪਾਦ ਦੇ ਨਾਲ ਸਾਰੇ ਪੰਜੀਕਰਣ ਵੀ ਪ੍ਰਾਪਤ ਹੋਣਗੇ। ਏਥੋਕਸੀਸਲਫਿਊਰਾਨ ਚਾਵਲ (ਝੋਨੇ) ਅਤੇ ਅਨਾਜ ਦੀਆਂ ਫਸਲਾਂ ਵਿੱਚ ਚੌੜੀ ਪੱਤੀ ਵਾਲੇ ਖਰਪਤਵਾਰਾਂ ਅਤੇ ਸੇਜਸ ਨੂੰ ਪ੍ਰਭਾਵੀ ਤਰੀਕੇ ਤੋਂ ਨਿਯੰਤ੍ਰਿਤ ਕਰਣ ਲਈ ਜਾਣਿਆ ਜਾਂਦਾ ਹੈ। ਜਿਸਦੇ ਨਾਲ ਇਹ ਕ੍ਰਿਸਟਲ ਦੇ ਪੋਰਟਫੋਲਿਯੋ ਵਿੱਚ ਇੱਕ ਮਹੱਤਵਪੂਰਣ ਮੁੱਲ ਵਰਧਨ ਬਣ ਜਾਵੇਗਾ। ਇਹ ਅਧਿਗਰਿਹਣ ਕ੍ਰਿਸਟਲ ਦੇ ਉਸ ਮਿਸ਼ਨ ਦੇ ਸਮਾਨ ਕੀਤਾ ਗਿਆ ਹੈ, ਜਿਸਦੇ ਤਹਿਤ ਸਥਾਨੀਆ ਪੱਧਰ ਉੱਤੇ ਉਤਪਾਦ ਨੂੰ ਲਾਗਤ ਪਰਭਾਵੀ, ਸਥਾਈ ਸਮਾਧਾਨ ਪ੍ਰਦਾਨ ਕੀਤੇ ਜਾਂਦੇ ਹਨ, ਜਿਸਦੇ ਪਰਿਣਾਮਸਵਰੂਪ ਭਾਰਤ, ਦੱਖਣ ਏਸ਼ਿਆ ਅਤੇ ਦੱਖਣ-ਪੂਰਵ ਏਸ਼ੀਆ (ਵਿਅਤਨਾਮ, ਬਾਂਗਲਾਦੇਸ਼, ਥਾਈਲੈਂਡ ਅਤੇ ਪਾਕਿਸਤਾਨ ਸਹਿਤ) ਦੇ ਕਿਸਾਨਾਂ ਨੂੰ ਲਾਗਤ ਵਿੱਚ ਤਾਲਮੇਲ ਅਤੇ ਪਹੁੰਚ ਦਾ ਲਾਭ ਮਿਲੇਗਾ। ਕ੍ਰਿਸਟਲ ਕ੍ਰੋਪ ਪ੍ਰੋਟੇਕਸ਼ਨ ਲਿਮਿਟੇਡ ਦੇ ਪ੍ਰਬੰਧ ਨਿਦੇਸ਼ਕ, ਸ਼੍ਰੀ ਅੰਕੁਰ ਅਗ੍ਰਵਾਲ ਨੇ ਅਧਿਗਰਿਹਣ ਉੱਤੇ ਟਿੱਪਣੀ ਕਰਦੇ ਹੋਏ ਕਿਹਾ : ਇਹ ਅਧਿਗਰਿਹਣ ਸਾਡੇ ਪੋਰਟਫੋਲਿਯੋ ਨੂੰ ਮਜਬੂਤ ਬਣਾਉਣ ਦੀ ਦਿਸ਼ਾ ਵਿੱਚ ਸਾਡੇ ਫੋਕਸ ਦਾ ਪ੍ਰਮਾਣ ਹੈ, ਜਿਸ ਵਿੱਚ ਅਜਿਹੇ ਸਮਾਧਾਨ ਸ਼ਾਮਿਲ ਹਨ ਜਿਨ੍ਹਾਂ ਤੋਂ ਕਿਸਾਨਾਂ ਦੇ ਜੀਵਨ ਵਿੱਚ ਵਾਸਤਵਿਕ ਰੂਪ ਤੋਂ ਬਦਲਾਵ ਆਣਗੇ। ਅਸੀ ਇਸ ਸਮਝੋਤੇ ਤੋਂ, ਉੱਨਤ ਖਰਪਤਵਾਰ ਪਰਬੰਧਨ ਸਮਾਧਾਨਾਂ ਦੇ ਨਾਲ ਕਿਸਾਨਾਂ ਨੂੰ ਸ਼ਕਸ਼ਤ ਬਣਾਉਣ ਦੀ ਦਿਸ਼ਾ ਵਿੱਚ ਇੱਕ ਹੋਰ ਕਦਮ ਅੱਗੇ ਵਧਾ ਰਹੇ ਹਾਂ। ਅਸੀ ਆਪਣੇ ਮਜਬੂਤ ਵਿਤਰਣ ਨੇਟਵਰਕ ਅਤੇ ਵਿਨਿਰਮਾਣ ਸਮਰੱਥਾਵਾਂ ਦਾ ਲਾਭ ਚੁੱਕਦੇ ਹੋਏ ਇਹ ਸੁਨਿਸਚਿਤ ਕਰਾਂਗੇ ਕਿ ਇਹ ਸਮਾਧਾਨ ਭਾਰਤ, ਦੱਖਣ ਏਸ਼ੀਆ ਅਤੇ ਦੱਖਣ-ਪੂਰਵੀ ਏਸ਼ੀਆ ਦੇ ਕਿਸਾਨਾਂ ਤੱਕ ਚੰਗੀ ਤਰ੍ਹਾਂ ਪਹੁੰਚ ਸਕੇ। ਕ੍ਰਿਸਟਲ ਕੰਪਨੀ ਦੇ ਕੋਲ ਚਾਵਲ (ਝੋਨੇ) ਦੇ ਪ੍ਰਸਥਿਤਿਤ ਤੰਤਰ ਦੇ ਵਿਆਪਕ ਗਿਆਨ ਨੂੰ ਵੇਖਦੇ ਹੋਏ ਇਹ ਅਧਿਗਰਿਹਣ ਪੂਰੀ ਤਰ੍ਹਾਂ ਉਪਯੁਕਤ ਹੈ, ਜਿਸ ਵਿੱਚ ਬੀਜ ਲੈਣ ਤੋਂ ਲੈ ਕੇ ਫਸਲ ਦੀ ਕਟਾਈ ਤੱਕ ਕਿਸਾਨਾਂ ਨੂੰ ਸਮਾਧਾਨ ਪ੍ਰਦਾਨ ਕਰਣ ਦੀ ਸਮਰੱਥਾ ਵਧੇਗੀ। ਕੰਪਨੀ ਦੀਆਂ ਸਾਝੇਦਾਰੀਆਂ ਅਤੇ ਅਧਿਗਰਿਹਣਾਂ ਦੇ ਮਾਧਿਅਮ ਤੋਂ ਦੱਖਣ ਏਸ਼ੀਆ ਅਤੇ ਦੱਖਣ-ਪੂਰਵ ਏਸ਼ੀਆ ਵਿੱਚ ਵੱਧਦੀ ਮੌਜੂਦਗੀ ਤੋਂ ਖੇਤੀਬਾੜੀ ਸਮਾਧਾਨ ਬਾਜ਼ਾਰ ਵਿੱਚ ਇੱਕ ਅਹਿਮ ਕੰਪਨੀ ਦੇ ਰੂਪ ਵਿੱਚ ਇਸਦੀ ਸਥਿਤੀ ਮਜਬੂਤ ਹੋਈ ਹੈ।

# ਡਾ: ਇਸ਼ਾਂਕ ਵਿਧਾਇਕ ਹਲਕਾ ਚੱਬੇਵਾਲ ਨੇ ਦਿੱਲੀ 'ਚ 'ਆਪ' ਦੀ ਉਮੀਦਵਾਰ ਬੰਦਨਾ ਕੁਮਾਰੀ ਲਈ ਕੀਤਾ ਚੋਣ ਪ੍ਰਚਾਰ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਫਰਵਰੀ 2025 ਵਿਚ ਹੋਣ ਵਾਲੀਆਂ ਦਿੱਲੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਦਿੱਲੀ ਵਿੱਚ ਸਿਆਸੀ ਹਲਚਲ ਇਨ੍ਹੀਂ ਦਿਨੀਂ ਸਿਖਰਾਂ 'ਤੇ ਹੈ। ਆਮ ਆਦਮੀ ਪਾਰਟੀ ਹਾਈਕਮਾਂਡ ਦੇ ਦਿਸ਼ਾ ਨਿਰਦੇਸ਼ਾਂ 'ਤੇ 'ਆਪ' ਪੰਜਾਬ ਦੇ ਨੌਜਵਾਨ, ਚਮਕਦੇ ਸਿਤਾਰੇ, ਨਵੇਂ ਚੁਣੇ ਗਏ ਹਲਕਾ ਚੱਬੇਵਾਲ ਤੋਂ ਵਿਧਾਇਕ ਡਾ: ਇਸ਼ਾਂਕ ਕੁਮਾਰ ਵੀ ਸ਼ਾਲੀਮਾਰ ਬਾਗ ਹਲਕੇ ਤੋਂ ਪਾਰਟੀ ਉਮੀਦਵਾਰ ਬੰਦਨਾ ਕੁਮਾਰੀ ਦੇ ਪ੍ਰਚਾਰ ਲਈ ਪੁੱਜੇ ਙ ਉਹ





ਹਲਕੇ ਦੇ ਲੋਕਾਂ ਨਾਲ ਮੀਟਿੰਗਾਂ ਵਿੱਚ ਸ਼ਾਮਲ ਹੋਏ ਅਤੇ ਪਿਛਲੇ ਦੋ ਕਾਰਜਕਾਲਾਂ ਵਿੱਚ ਦਿੱਲੀ ਵਿੱਚ 'ਆਪ' ਸਰਕਾਰ ਵੱਲੋਂ ਕੀਤੇ ਗਏ ਵੱਖ-ਵੱਖ ਵਿਕਾਸ ਕਾਰਜਾਂ ਦੀਆਂ ਉਦਾਹਰਣਾਂ ਦਿੰਦੇ ਹੋਏ ਲੋਕਾਂ ਨੂੰ 'ਆਪ' ਨੂੰ ਵੋਟ ਪਾਉਣ ਦੀ ਅਪੀਲ ਕੀਤੀ। ਉਨ੍ਹਾਂ ਨੇ 'ਆਪ' ਦੀ ਸਰਕਾਰ ਦੇ ਕਾਰਜ ਕਾਲ ਦੌਰਾਨ ਪੰਜਾਬ ਦੀ ਬੇਮਿਸਾਲ ਤਰੱਕੀ ਅਤੇ ਬਿਹਤਰੀ ਬਾਰੇ ਵੀ ਲੋਕਾਂ ਨੂੰ ਜਾਣੂ ਕਰਵਾਇਆ। ਬੰਦਨਾ ਕੁਮਾਰੀ ਦੇ ਨਾਲ ਡੋਰ ਟੂ ਡੋਰ ਪ੍ਰਚਾਰ ਦੌਰਾਨ ਡਾ. ਇਸ਼ਾਂਕ ਦੀ ਸਕਾਰਾਤਮਕ ਪਹੁੰਚ ਨੂੰ ਹਲਕਾ ਵਾਸੀਆਂ ਨੇ ਵੀ ਬਹੁਤ ਸਪੱਸ਼ਟ ਹੁੰਗਾਰਾ ਦਿੱਤਾ। ਇਸ ਮੌਕੇ 'ਤੇ ਡਾ. ਇਸ਼ਾਂਕ ਨੇ ਕਿਹਾ ਕਿ ਚੋਣ ਪ੍ਰਚਾਰ ਦੌਰਾਨ ਲੋਕਾਂ ਵੱਲੋਂ ਜੋ ਪਿਆਰ ਤੇ ਸਨੇਹ ਵਿਖਾਇਆ ਗਿਆ ਹੈ, ਉਹ ਚੋਣਾਂ ਵਿੱਚ ਵੀ ਜ਼ਰੂਰ ਦਿਖਾਈ ਦੇਵੇਗਾ ਅਤੇ ਬੰਦਨਾ ਕੁਮਾਰੀ ਦੀ ਸਖ਼ਤ ਮਿਹਨਤ ਯਕੀਨੀ ਤੌਰ 'ਤੇ ਉਹਨਾਂ ਦੀ ਜਿੱਤ ਵਿਚ ਤਬਦੀਲ ਹੋਵੇਗੀ।

**ਫੋਟੋ ਅਜਮੇਰ ਦੀਵਾਨਾ**

# ਅਮਿਤ ਸ਼ਾਹ ਨੂੰ ਕੇਂਦਰੀ ਕੈਬਿਨੇਟ ਦੀ ਕੁਰਸੀ ਤੋਂ ਤੁਰੰਤ ਬਰਸਖ਼ਸਤ ਕੀਤਾ ਜਾਵੇ

**ਗੜ੍ਹਸ਼ੰਕਰ(ਬਲਵੀਰ ਚੌਪੜਾ)** ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਦੀ ਸੋਚ ਅਤੇ ਜ਼ਮਹੂਰੀਅਤ ਨੂੰ ਪਰਨਾਏ ਪਿੰਡ ਵਾਸੀਆਂ ਦੀ ਮੀਟਿੰਗ ਸ਼ਾਦੀ ਰਾਮ ਕਪੂਰ ਅਤੇ ਪ੍ਰਿੰਸੀਪਲ ਦੇਸ ਰਾਜ ਦੀ ਅਗਵਾਈ ਵਿੱਚ ਪਿੰਡ ਪੋਸ਼ੀ ਵਿਖ਼ੇ ਕੀਤੀ ਗਈਙਇਸ ਮੀਟਿੰਗ ਵਿੱਚ ਬੁਲਾਰਿਆਂ ਨੇ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਵਲੋਂ ਪਾਰਲੀਮੈਂਟ ਵਿੱਚ ਬਾਬਾ ਸਾਹਿਬ ਵਾਰੇ ਵਰਤੇ ਅਪਮਾਨਜਨਕ ਸ਼ਬਦਾਂ ਦੀ ਸਖ਼ਤ ਨਿਖੇਧੀ ਕੀਤੀ ਗਈ ਅਤੇ ਪ੍ਰਧਾਨ ਮੰਤਰੀ ਤੋਂ ਮੰਗ ਕੀਤੀ ਅਜਿਹਾ ਗ਼ੈਰ ਜ਼ਿੰਮੇਵਾਰੀ ਵਾਲਾ ਵਤੀਰਾ ਰੱਖਣ ਵਾਲੇ ਗ੍ਰਹਿ ਮੰਤਰੀ ਨੂੰ ਤੁਰੰਤ ਹੀ ਕੈਬਿਨੇਟ ਵਿਚੋ ਬਰਖਾਸਤ ਕੀਤਾ ਜਾਵੇ ਤਾਂ ਕਿ ਭਵਿੱਖ ਵਿਚ ਕੋਈ ਅਜਿਹਾ ਆਗੂ ਤਾਕਤ ਦੇ ਨਸ਼ੇ ਵਿਚ ਚੂਰ ਹੋ ਕੇ



ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਵਾਰੇ ਅਜਿਹੇ ਸ਼ਬਦਾਂ ਦਾ ਪ੍ਰਯੋਗ ਨਾ ਕਰ ਸਕੇ। ਇਸ ਸਮੇਂ ਅਹਿਦ ਕੀਤਾ ਗਿਆ ਕਿ ਬਾਬਾ ਸਾਹਿਬ ਦੀ ਸੋਚ, ਭਾਰਤੀ ਸੰਵਿਧਾਨ ਦੀ ਧਰਮ ਨਿਰਪੱਖਤਾ ਤੇ ਜਮਹੂਰੀਅਤ,ਲੋਕਾਂ ਦੀ ਭਾਈਚਾਰਕ ਦੀ ਰਾਖੀ ਹਰ ਹਾਲਤ ਵਿੱਚ ਕੀਤੀ ਜਾਵੇਗੀ ਅਤੇ ਫਿਰਕੂ ਸ਼ਕਤੀਆਂ ਦੀਆਂ ਦਾ ਡਟਵਾਂ ਵਿਰੋਧ ਕੀਤਾ ਜਾਵੇਗਾ ਭਾਵੇਂ ਕਿ ਇਸ ਲਈ ਆਪਣੀਆਂ ਜਾਨਾਂ ਹੀ ਕੋਈ ਨਾ ਕੁਰਬਾਨ ਕਰਨੀਆਂ ਪੈਣ। ਇਸ ਮੌਕੇ ਰਣਜੀਤ ਸਿੰਘ, ਬਾਬੂ ਗੋਪਾਲ ਦਾਸ, ਲੈਕ. ਸ਼ਾਮ ਸੁੰਦਰ,ਸੁਰਿੰਦਰ ਪਾਲ, ਜਤਿੰਦਰ ਸਿੰਘ,ਸ਼ਿਵਮ,ਜਸਵੀਰ ਕੌਰ,ਚਾਨਣ ਰਾਮ, ਬਾਬਾ ਹਰਬਿਲਾਸ,ਇੰਦਰਜੀਤ ਸਿੰਘ,ਰੇਸ਼ਮ ਲਾਲ,ਹਰਮਨ,ਰਾਜ ਕੁਮਾਰ, ਕਿਹਰ ਸਿੰਘ,ਹਰਸ਼ਦੀਪ, ਤਾਨੀਆਂ,ਨਿਸ਼ਾ,ਸੁਰਜੀਤ ਸਿੰਘ ਹਾਜ਼ਿਰ ਸਨ।

## ਸਰਦੀ-ਜ਼ੁਕਾਮ ਦਾ ਤੁਰੰਤ ਇਲਾਜ

ਸਿਆਲ ਵਿੱਚ ਸਰਦੀ - ਜ਼ੁਕਾਮ ਦੀ ਸ਼ਿਕਾਇਤ ਆਮ ਹੀ ਹੋ ਜਾਂਦੀ ਹੈ ਅਤੇ ਕਈਆਂ ਦੇ ਨੱਕ ਵਿੱਚੋ ਪਾਣੀ ਹਰ ਵੇਲੇ ਵਗਦਾ ਰਹਿੰਦਾ ਹੈ । ਇਹੋ ਜਿਹੀ ਸਮੱਸਿਆ ਦੇ ਹੱਲ ਲਈ ਅੱਜ ਵੇਸਣ ਦਾ ਸ਼ੀਰਾ ਬਣਾਉਣਾ ਦੱਸ ਰਿਹਾ ਹਾਂ , ਜਿਹੜਾ ਸਰਦੀ ਜ਼ੁਕਾਮ ਤੋਂ ਤੁਰੰਤ ਰਾਹਤ ਦਵਾਏਗਾ । ਸਭ ਤੋਂ ਪਹਿਲਾਂ ਇੱਕ ਚਿਮਚਾ ਦੇਸੀ ਘਿਓ ਕੜਾਹੀ ਵਿੱਚ ਪਾ ਕੇ ਉਹਦੇ ਵਿੱਚ ਦਰੜ ਕੀਤੀਆਂ 8,10 ਕਾਲੀਆਂ ਮਿਰਚਾਂ , ਦੋ ਮੋਟੀਆਂ ਇਲਾਚੀਆਂ ਕੁੱਟ ਕੇ , 5 ,6 ਲੌਂਗ ਫੇਹ ਕੇ ਪਾਓ ਅਤੇ ਭੁੰਨ੍ਹ ਲਓ , ਹੁਣ ਉਹਦੇ ਵਿੱਚ 4,5 ਬਦਾਮ ਕੁੱਟ ਕੇ ਪਾ ਦਿਓ । ਸਾਰੀਆਂ ਚੀਜ਼ਾਂ ਭੁੰਨ੍ਹ ਕੇ ਉਹਦੇ ਵਿੱਚ ਦੋ ਚਮਚੇ ਘਿਓ ਹੋਰ ਪਾ ਕੇ ਗਰਮ ਕਰੋ ਅਤੇ ਤਿੰਨ ਚਾਰ ਚਮਚ ਵੇਸਣ ਪਾ ਕੇ ਚੰਗੀ ਤਰ੍ਹਾਂ ਭੁੰਨ੍ਹ ਕੇ , ਉਸ ਤੋਂ ਬਾਅਦ ਇੱਕ ਗਿਲਾਸ ਦੁੱਧ ਪਾ ਕੇ ਚੰਗੀ ਤਰ੍ਹਾਂ ਉਬਾਲੋ ਅਤੇ ਆਪਣੇ



ਸਵਾਦ ਅਨੁਸਾਰ ਮਿੱਠਾ ਪਾ ਕੇ ਪਕਾ ਲਓ ਅਤੇ ਉਹਨੂੰ ਕੋਸਾ ਕੋਸਾ ਪੀ ਕੇ ਕੰਬਲ ਵਿੱਚ ਪੈ ਕੇ ਨਿੱਘੇ ਹੋ ਜਾਓ । ਥੋੜ੍ਹੇ ਚਿਰ ਵਿੱਚ ਹੀ ਤੁਸੀਂ ਸਰਦੀ ਜ਼ੁਕਾਮ ਤੋਂ ਨਿਜਾਤ ਪਾ ਜਾਓਗੇ । ਇਹ ਸ਼ੀਰਾ ਪੀਣ ਤੋਂ ਬਾਅਦ ਇੱਕ ਦੋ ਘੰਟੇ ਆਪਣੇ ਸਰੀਰ ਨੂੰ ਨਿੱਘਾ ਜ਼ਰੂਰ ਰੱਖਿਓ , ਹਵਾ ਨਾ ਲੱਗਣ ਦਿਓ ।

**ਡਾ ਇੰਦਰਜੀਤ ਕਮਲ**

# ਪੀਲੇ ਰੰਗ ਦੀ ਅਹਿਮੀਅਤ !

ਪੀਲਾ ਰੰਗ ਸਕਾਰਾਤਮਕ ਊਰਜਾ ਦਾ ਪ੍ਰਤੀਕ ਮੰਨਿਆ ਗਿਆ ਹੈ। ਸਾਡੇ ਸੱਭਿਆਚਾਰ ਵਿੱਚ ਸ਼ੁੱਭ ਮੌਕੇ ਉੱਤੇ ਇਸ ਦੀ ਬਹੁਤ ਅਹਿਮੀਅਤ ਹੈ। ਇਸ ਨੂੰ ਸ਼ਗਨਾਂ ਦਾ ਰੰਗ ਵੀ ਮੰਨਿਆ ਜਾਂਦਾ ਹੈ। ਵਿਆਹ ਵੇਲੇ ਜਾਂ ਸ਼ਗਨਾਂ ਵੇਲੇ ਦਿੱਤੇ ਜਾਂਦੇ ਕਪੜਿਆਂ ਤੇ ਹਲਦੀ ਦਾ ਛਿੱਟਾ ਇਸ ਦੀ ਸ਼ੁੱਧਤਾ ਅਤੇ ਪਵਿੱਤਰਤਾ ਦਾ ਪ੍ਰਤੀਕ ਮੰਨਿਆ ਜਾਂਦਾ ਹੈ।

ਬਸੰਤ ਰੁੱਤ ਵਿਚ ਪੀਲੇ ਰੰਗ ਦੀ ਆਪਣੀ ਅਹਿਮੀਅਤ ਹੈ। ਇਸ ਦਿਨ ਪੀਲੇ ਮਿੱਠੇ ਚਾਵਲ ਬਣਾਏ ਜਾਂਦੇ ਹਨ। ਹਲਦੀ ਰੰਗਾ,ਘੱਟਾ ਰੰਗ ਇਸ ਦੇ ਸਮਾਨਾਰਥੀ ਨਾਮ ਹਨ। ਇਸ ਰੰਗ ਨਾਲ ਸਬੰਧਤ ਮੁਹਾਵਰੇ ਹੁਣ ਆਪਣੀ ਹੋਂਦ ਬਚਾਉਣ ਹੱਥ ਪੈਰ ਮਾਰ ਰਹੇ ਹਨ।

ਹੱਥ ਪੀਲੇ ਹੋਣਾ,ਲਾਲ ਪੀਲੇ ਹੋਣਾ,ਚਿਹਰਾ ਪੀਲਾ ਪੈਣਾ, ਪੰਜਾਬੀ ਮੁਹਾਵਰਾ ਕਿੱਥੇ ਤੱਕ ਪਹੁੰਚਿਆ ਹੋਇਆ ਹੈ ਇਸ ਬਾਰੇ ਹੁਣ ਦੀ ਪੀੜ੍ਹੀ ਦਾ ਕੋਈ ਸਰੋਕਾਰ ਨਹੀਂ। ਪੰਜਾਬੀ ਮੁਹਾਵਰੇ ਅਤੇ ਕੁਦਰਤੀ ਨਜ਼ਾਰਿਆਂ ਨਾਲੋਂ ਉਹਨਾਂ ਦਾ ਨਾਤਾ ਕਦੋਂ ਦਾ ਟੁੱਟ ਚੁੱਕਿਆ ਹੈ।

ਭਾਵੇਂ ਨੀਂਬੂ ਪੀਲੇ ਹੋਣ ਨਾਲ ਇਹਨਾਂ ਮੁਹਾਵਰਿਆਂ ਦਾ ਕੋਈ ਸਬੰਧ ਨਹੀਂ ਪਰ ਪਤਾ ਨਹੀਂ ਕਿਉਂ ਜਦੋਂ ਹੀ ਘਰ ਵਿਚ ਲੱਗੇ ਪੀਲੇ ਪੀਲੇ ਪੱਕੇ ਨਿੰਬੂਆਂ ਕੋਲ ਗਿਆ। ਮਨ ਖਿੜ ਗਿਆ ਉਸੇ ਤਰ੍ਹਾਂ ਹੀ ਜਿਵੇਂ ਸਰ੍ਹੋਂ ਦੇ ਖੇਤਾਂ ਵਿਚ ਪੀਲੇ ਪੀਲੇ ਰੰਗ ਦੇ ਫੁੱਲਾਂ ਨੂੰ ਦੇਖ ਕੇ ਮਨ ਖਿੜ ਜਾਂਦਾ ਹੈ।

ਅੱਖ ਤੁਹਾਡੀ ਹੈ ਕੁਦਰਤ ਦੀ ਇਸ ਪਿਆਰੀ ਦੇਣ ਨੂੰ ਤੁਸੀਂ ਕਿਵੇਂ ਨਿਹਾਰਦੇ ਹੋ, ਤੁਹਾਡੇ ਉੱਤੇ ਨਿਰਭਰ ਕਰਦਾ ਹੈ। ਇਹ ਨਹੀਂ ਕਿ ਤੁਹਾਡਾ ਕਦੇ ਪੀਲੇ ਜ਼ਰਦ ਪੱਤਿਆਂ ਨਾਲ ਵਾਹ ਨਹੀਂ ਪਿਆ। ਇਹ ਪੀਲੇ ਜ਼ਰਦ ਪੱਤੇ ਵੀ ਸਾਡੀ ਉਮਰ ਦੇ ਢਲਣ ਦਾ ਪ੍ਰਤੀਕ ਬਣ ਕੇ ਸਾਨੂੰ ਸੁਚੇਤ ਕਰਦੇ ਹਨ। ਗੱਲ ਸਿਰਫ਼ ਅੱਖ ਦੀ ਹੈ ਤੁਸੀਂ ਇਹਨਾਂ ਕੁਦਰਤੀ ਨਜ਼ਾਰਿਆਂ ਨੂੰ ਕਿਵੇਂ ਲੈਂਦੇ ਹੋ। ਅੱਜ ਦੇ ਮਸ਼ੀਨੀ ਯੁੱਗ ਵਿਚ ਨਵੀਂ ਪੀੜ੍ਹੀ ਲਈ ਤਾਂ ਇਹਨਾਂ ਕੁਦਰਤੀ ਨਜ਼ਾਰਿਆਂ ਲਈ ਕੋਈ ਅਹਿਮੀਅਤ ਨਹੀਂ ਇਸੇ ਲਈ ਉਹ ਨਿਰਾਸ਼ਾ ਦੇ ਆਲਮ ਵਿਚ




ਆਪਣੀ ਜ਼ਿੰਦਗੀ ਬਸਰ ਕਰਦੇ ਹਨ ਕਿਉਂਕਿ ਉਹਨਾਂ ਦੀ ਸਿੱਖਿਆ ਵਿਚ ਇਹਨਾਂ ਕੁਦਰਤੀ ਨਜ਼ਾਰਿਆਂ ਦਾ ਵਰਨਣ ਨਹੀਂ।ਜੇ ਵਰਨਣ ਹੈ ਵੀ ਤਾਂ ਉਹਨਾਂ ਨੇ ਇਹਨਾਂ ਮੁਹਾਵਰਿਆਂ ਤੇ ਕਹਾਵਤਾਂ ਵੱਲ ਕਦੇ ਧਿਆਨ ਨਹੀਂ ਦਿੱਤਾ। ਪੀਲਾ ਭੂੰਡ ਤੇ ਭੂੰਡਾਂ ਦੀ ਖੱਖਰ ਉਹਨਾਂ ਲਈ ਅਲੋਕਾਰੀ ਸ਼ਬਦ ਹਨ। ਉਹਨਾਂ ਲਈ ਕਾਲੇ ਭੂੰਡ ਦੇ ਸਿਰ ਤੇ ਪੀਲੇ ਰੰਗ ਦੀ ਅਹਿਮੀਅਤ ਦਾ ਤਾਂ ਬਿਲਕੁਲ ਵੀ ਖ਼ਿਆਲ ਨਹੀਂ ਉਹਨਾਂ ਨੇ ਇਹਨਾਂ ਸ਼ਬਦਾਂ ਦੀ ਵਰਤੋਂ ਕਿੱਥੇ ਕਰਨੀ ਹੋਈ।

ਲੋਕ ਗੀਤਾਂ ਵਿੱਚ ਪੀਲੇ ਰੰਗ ਦਾ ਵਰਨਣ ਤੇ ਸਰ੍ਹੋਂ ਫੁੱਲੇ ਰੰਗ ਦਾ ਵੇਰਵਾ ਆਮ ਦੇਖਣ ਸੁਣਨ ਨੂੰ ਮਿਲਦਾ ਹੈ। ਪਰ ਅੱਜ ਦੇ ਬੱਚਿਆਂ ਦੀ ਡਿਕਸ਼ਨਰੀ ਚੋਂ ਇਹ ਸ਼ਬਦ ਗ਼ਾਇਬ ਹੋ ਰਹੇ ਹਨ। ਕੋਈ ਟਾਂਵਾਂ ਟਾਂਵਾਂ ਹੀ ਇਹਨਾਂ ਸ਼ਬਦਾਂ ਨੂੰ ਵਰਤੋਂ ਵਿਚ ਲਿਆਉਂਦਾ ਹੈ। ਅੱਜ ਕੱਲ੍ਹ ਦੇ ਲੇਖਕ ਵੀ ਆਪਣੀ ਲੇਖਣੀ ਵਿਚ ਇਹਨਾਂ ਮੁਹਾਵਰਿਆਂ ਦੀ ਵਰਤੋਂ ਘੱਟ ਕਰ ਰਹੇ ਹਨ।

ਅਸੀਂ ਕਿਉਂ ਨਹੀਂ ਸੋਚਦੇ ਸਕੂਲ ਬੱਸਾਂ ਦਾ ਰੰਗ ਪੀਲਾ ਕਿਉਂ ਹੁੰਦਾ ਹੈ ?

ਬੱਤੀਆਂ ਵਾਲੇ ਚੌਂਕ ਵਿਚ ਲਾਲ,ਪੀਲੇ ਹਰੇ ਰੰਗ ਦੀ ਅਹਿਮੀਅਤ ਹੈ?

ਸੂਰਜ ਦੀ ਪਹਿਲੀ ਕਿਰਨ ਪੀਲਾ ਰੰਗ ਕਿਉਂ ਛੱਡਦੀ ਹੈ ?

ਉਸ ਦਾ ਰੰਗ ਪੀਲਾ ਪੈ ਗਿਆ, ਉਸ ਦੇ ਹੱਥ ਪੈਰ ਪੀਲੇ ਪੈ ਗਏ,

ਹੱਥ ਪੀਲੇ ਕਰ ਦੇਣੇ ਵਰਗੇ ਮੁਹਾਵਰੇ ਗਾਇਬ ਹਨ। ਅਸਲ ਵਿਚ ਪੀਲਾ ਰੰਗ ਜ਼ਿੰਦਗੀ ਵਿਚ ਕੁਝ ਕਰਨ ਲਈ ਪ੍ਰੇਰਿਤ ਕਰਦਾ ਹੈ।ਇਹ ਪੀਲਾ ਰੰਗ ਹੀ ਹੈ ਜੋ ਸਾਡੀ ਸਰੀਰ ਦੀ ਕੰਮਜ਼ੋਰੀ ਨੂੰ ਪੇਸ਼ ਕਰਦਾ ਹੈ। ਪੀਲਾ ਪਿਸ਼ਾਬ ਬੀਮਾਰੀ ਦੀ ਨਿਸ਼ਾਨੀ ਹੈ।

ਅਸਲ ਵਿਚ ਪੀਲਾ ਰੰਗ ਸਾਡੀ ਜ਼ਿੰਦਗੀ ਵਿਚ ਬਹੁਤ ਅਹਿਮੀਅਤ ਰੱਖਦਾ ਹੈ ਇਹ ਉਹਨਾਂ ਕੁਦਰਤੀ ਰੰਗਾਂ ਵਿੱਚੋਂ ਇੱਕ ਹੈ ਜੋ ਕੁਦਰਤੀ ਰੰਗ ਹੈ। ਬਾਕੀ ਬਹੁਤੇ ਰੰਗ ਇੱਕ ਦੂਜੇ ਰੰਗ ਨੂੰ ਮਿਲਾ ਕੇ ਬਣਾਏ ਜਾ ਸਕਦੇ ਹਨ ਪਰ ਪੀਲਾ ਰੰਗ ਰੰਗਾਂ ਦੇ ਰਾਜਿਆਂ ਵਿਚੋਂ ਇੱਕ ਹੈ।

(ਜਸਪਾਲ ਜੱਸੀ)

# ਸ਼ੁਭ ਸਵੇਰ ਦੋਸਤੋ,

ਕਿਤਾਬ 'ਆਪੇ ਦੇ ਰੂ-ਬਰੂ' ਨਾਲ, ਮੋਹ ਦੇ ਭਰੇ ਟੋਕਰੇ ਵੰਡਣ ਵਾਲੀ ਸੇਵਾ ਮੁਕਤ ਜੋੜੀ... ਪ੍ਰਿੰਸੀਪਲ ਚਰਨਜੀਤ ਕੌਰ ਤੇ ਇੰਜੀਨੀਅਰ ਸਰਦਾਰ ਮਨਮੋਹਨ ਸਿੰਘ ਜੀ (ਥਰਮਲ ਪਲਾਂਟ ਰੋਪੜ) ਹੁਰਾਂ ਨਾਲ ਨਿੱਘੀ ਮੁਲਾਕਾਤ ਠੰਡ ਦੇ ਦਿਨਾਂ 'ਚ ਹੋਈ ਕੁਦਰਤ ਦਾ ਸ਼ੁਕਰਗੁਜ਼ਾਰ ਹਾਂ, ਪਰ ਮੈਂ ਆਪਣੀ ਸਮਰੱਥਾ ਅਨੁਸਾਰ ਹੀ ਲੁੱਟ ਸਕਿਆ ਅਕਲ ਦੀਆਂ ਖਾਨਾਂ ਚੋਂ ਖ਼ਜ਼ਾਨਾ... ਸਿੱਖਿਆ ਕਿ...

ਦੇਰ ਨਾਲ ਪਹੁੰਚਣ 'ਤੇ ਕੰਮ ਪ੍ਰਤੀ ਤੁਹਾਡੀ ਮਿਹਨਤ,

ਵਿਸ਼ਵਾਸਯੋਗਤਾ ਤੇ ਗੰਭੀਰਤਾ 'ਸ਼ੱਕੀ' ਹੋ ਜਾਂਦੀ ਹੈ।

ਸੋ ਇਹ ਤਾਂ ਮੈਂ ਹੋਣ ਨਹੀਂ ਦਿੱਤਾ ਕਿਉਂਕਿ ਸਮਾਂ ਮੁੱਠੀ ਵਿੱਚ ਕੈਦ ਨਹੀਂ ਹੁੰਦਾ, ਇਹ ਲਗਾਤਾਰ ਫਿਸਲਦਾ ਜਾ ਰਿਹਾ ਹੈ। ਸੋ ਇਸ ਲਈ ਕਿਸੇ ਵੱਲੋਂ ਫਾਲਤੂ ਦੀ ਉਡੀਕ ਕਰਵਾਉਣਾ ਗ਼ਲਤ ਹੈ। ਅਸੀਂ ਇਹ ਵੀ ਜਾਣਦੇ ਹਾਂ ਕਿ ਉਡੀਕ ਕਰਨਾ ਕਰਵਾਉਣਾ ਪਾਪ ਹੈ। ਫਿਰ ਵੀ ਸਬਰ ਕਰਨ ਵਾਲਿਆਂ ਨੂੰ ਸਲਾਮ ਹੈ।

ਦਿੱਤੇ ਸਮੇਂ ਤੋਂ ਥੋੜ੍ਹਾਂ ਪਹਿਲਾਂ ਪਹੁੰਚਣਾ ਚੰਗੀ ਆਦਤ ਹੁੰਦੀ ਹੈ। ਦੇਰ ਨਾਲ ਪਹੁੰਚਣਾ ਦਾ ਅਰਥ ਕਈ ਵਾਰ ਨਾ ਪਹੁੰਚਣਾ ਵੀ ਹੋ ਸਕਦਾ ਹੈ। ਦੇਰ ਨਾਲ ਪਹੁੰਚਣ 'ਤੇ ਮੈਂ ਪਹਿਲਾਂ ਹੀ ਕਿਹਾ ਹੈ ਕਿ ਕੰਮ ਪ੍ਰਤੀ ਸਾਡੀ




ਮਿਹਨਤ, ਵਿਸ਼ਵਾਸਯੋਗਤਾ ਤੇ ਗੰਭੀਰਤਾ ਸ਼ੱਕੀ ਹੋ ਜਾਂਦੀ ਹੈ।

ਸਮੇਂ ਦੀ ਕਮੀ ਹੋਣ ਦੀ ਸ਼ਿਕਾਇਤ ਵੀ ਅਕਸਰ ਉਹੀ ਲੋਕ ਕਰਦੇ ਹਨ, ਜੋ ਆਪਣਾ ਕੀਮਤੀ ਸਮਾਂ ਏਥਰ-ਉਥਰ ਸਭ ਤੋਂ ਜ਼ਿਆਦਾ ਬਰਬਾਦ ਕਰਦੇ ਹਨ। ਸਮੇਂ ਦੀ ਵਾਧੂ ਪੈਦਾਵਾਰ ਸੰਭਵ ਨਹੀਂ ਹੁੰਦੀ। ਅਸੀਂ ਕਦੇ ਸੋਚਿਆ ਹੀ ਨਹੀਂ ਕਿ ਇੱਕ ਦਿਨ ਚੌਵੀ ਘੰਟਿਆਂ ਦਾ ਹੁੰਦਾ ਹੈ, ਇਹ ਘੰਟੇ ਘੱਟ ਨਹੀਂ ਹੁੰਦੇ, ਨਾਲੇ ਸਾਰਿਆਂ ਲਈ ਬਰਾਬਰ ਹੁੰਦੇ ਹਨ! ਬਸ਼ਰਤੇ ਇਨ੍ਹਾਂ ਦੀ ਵਰਤੋਂ ਸਹੀ ਕੀਤੀ ਜਾਵੇ।

ਕਦੇ ਚੇਤੰਨਤਾ ਨਾਲ ਘੜੀ ਦੇਖ ਕੇ, ਪੰਜ ਮਿੰਟਾਂ ਨੂੰ, ਇੱਕ-ਇੱਕ ਸੈਕਿੰਡ ਗਿਣ ਕੇ ਬਿਤਾਉਣਾ, ਦੇਖਣਾ ਸਾਨੂੰ ਸਮਾਂ ਲਗਾਉਣਾ ਮੁਸ਼ਕਿਲ ਹੋ ਜਾਵੇਗਾ।

ਜਰਵਾਣਿਆਂ ਦੀ ਜ਼ਿੰਦਗੀ ਸੁਪਨੇ ਵਾਂਗੂ ਗੁਜ਼ਰ ਜਾਂਦੀ ਹੈ, ਕਾਰਨ ਇਹ ਹੁੰਦਾ ਹੈ ਕਿ ਉਹ ਇਸ ਨੂੰ ਵਰ੍ਹਿਆਂ 'ਚ ਮਾਪਦੇ ਹਨ, ਪਰ ਕਿਰਤੀ, ਕਾਮਿਆਂ, ਮਜਦੂਰਾਂ, ਕਿਸਾਨਾਂ ਤੇ ਜਵਾਨਾਂ ਨੂੰ ਸਮਝਿਓ ਕਦੇ ਉਨ੍ਹਾਂ ਅਨੁਸਾਰ ਜੀਵਨ ਤਾਂ ਮਿੰਟਾਂ-ਸੈਕਿਟਾਂ ਨਾਲ ਬਣਿਆ ਹੈ। ਕਿਉਂਕਿ ਲੋਕ ਉਨ੍ਹਾਂ ਦੇ ਕੰਮ ਦੀ ਕੀਮਤ ਸਮੇਂ ਅਨੁਸਾਰ ਦਿੰਦੇ ਨੇ, ਵਿਸ਼ਾ ਚਿੰਤਾ ਦਾ ਹੈ ਕਿ ਜਰਵਾਣਿਆਂ ਵੱਲੋਂ ਉਸ ਉੱਪਰ ਵੀ ਡਾਕਾ ਮਾਰਿਆ ਜਾ ਰਿਹਾ ਹੈ!

ਅਸੀਂ ਹੀ ਹਾਂ ਜੋ ਸਮੇਂ ਦੀ ਵਰਤੋਂ ਜਾਂ ਦੁਰਵਰਤੋਂ ਕਰਦੇ ਹਾਂ ਕੋਈ ਹੋਰ ਨਹੀਂ, ਸਮਾਂ ਕਿਸੇ ਦਾ ਗੁਲਾਮ ਨਹੀਂ, ਇਸ ਨੂੰ ਗੁਲਾਮ ਬਣਾਉਣ ਦੀ ਗਲਤੀ ਨਾ ਕਰਿਓ ਡੁੱਬ ਜਾਵਾਂਗੇ, ਮਾਮਲੇ ਭਾਰੀ ਪੈਣਗੇ...

**ਹਰਫੂਲ ਸਿੰਘ ਭੁੱਲਰ ਮੰਡੀ ਕਲਾਂ**
**9876870157**

# ਵਿਸ਼ਵ ਪੰਜਾਬੀ ਭਵਨ ਦੇ ਵਿਹੜੇ ਵਿੱਚ ਵਿਸ਼ਵ ਪੰਜਾਬੀ ਸਭਾ ਵੱਲੋਂ ਕਰਵਾਇਆ ਗਿਆ ਅੰਜੂ ਵੀ ਰੱਤੀ ਜੀ ਦਾ ਰੂਬਰੂ, ਸਨਮਾਨ ਸਮਾਰੋਹ ਤੇ ਨਵੇਂ ਸਾਲ ਦਾ ਪਲੇਠਾ ਕਵੀ ਦਰਬਾਰ , ਯਾਦਗਾਰੀ ਹੋ ਨਿਬੜਿਆ




**ਬਰੇਂਪਟਨ ( ਰਮਿੰਦਰ ਵਾਲੀਆ )** ਡਾ. ਦਲਬੀਰ ਸਿੰਘ ਕਥੂਰੀਆ ਵੱਲੋਂ ਹਰ ਮਹੀਨੇ ਦੇ ਪਹਿਲੇ ਐਤਵਾਰ ਵਿਸ਼ਵ ਪੰਜਾਬੀ ਭਵਨ ਵਿਖੇ ਕਵੀ ਦਰਬਾਰ ਕਰਾਉਣ ਦਾ ਫ਼ੈਸਲਾ ਕੀਤਾ ਗਿਆ ਸੀ । 5 ਜਨਵਰੀ ਬਾਦ ਦੁਪਿਹਰ 2 ਵਜੇ ਤੋਂ 5 ਵਜੇ ਸ਼ਾਮ ਵਿਸ਼ਵ ਪੰਜਾਬੀ ਭਵਨ ਦੇ ਵਿਹੜੇ ਵਿੱਚ ਵਿਸ਼ਵ ਪੰਜਾਬੀ ਸਭਾ ਵੱਲੋਂ ਕਰਵਾਇਆ ਗਿਆ ਅੰਜੂ ਵੀ ਰੱਤੀ ਜੀ ਦਾ ਰੂਬਰੂ , ਸਨਮਾਨ ਸਮਾਰੋਹ ਤੇ ਨਵੇਂ ਸਾਲ ਦਾ ਪਲੇਠਾ ਕਵੀ ਦਰਬਾਰ ਯਾਦਗਾਰੀ ਹੋ ਨਿਬੜਿਆ ।ਸੰਸਥਾ ਦੀ ਚੇਅਰਪਰਸਨ ਰਮਿੰਦਰ ਵਾਲੀਆ ਨੇ ਆਏ ਹੋਏ ਮਹਿਮਾਨਾਂ ਨੂੰ ਨਿੱਘਾ ਜੀ ਆਇਆਂ ਕਿਹਾ ਤੇ ਦੱਸਿਆ ਕਿ ਡਾ. ਦਲਬੀਰ ਸਿੰਘ ਕਥੂਰੀਆ ਦੇ ਭਵਨ ਵਿਖੇ ਮਹੀਨਾਵਾਰ ਕਵੀ ਦਰਬਾਰ ਕਰਾਉਣ ਦੇ ਫ਼ੈਸਲੇ ਦੀ ਸ਼ਲਾਘਾ ਕੀਤੀ ਤੇ ਇਹ ਵੀ ਦੱਸਿਆ ਕਿ ਡਾ .ਕਥੂਰੀਆ ਜੀ ਦੇਸ਼ਾਂ ਵਿਦੇਸ਼ਾਂ ਵਿੱਚ ਮਾਂ ਬੋਲੀ ਪੰਜਾਬੀ , ਪੰਜਾਬੀਅਤ , ਕਲਾ , ਸਾਹਿਤ , ਪੰਜਾਬੀ ਸਭਿਆਚਾਰ ਤੇ ਪੰਜਾਬੀ ਵਿਰਸੇ ਨੂੰ ਪ੍ਰਫੁੱਲਿਤ ਕਰਨ ਲਈ ਬਹੁਤ ਯਤਨਸ਼ੀਲ ਹਨ ਤੇ ਸਾਨੂੰ ਵੀ ਉਹਨਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਉਹਨਾਂ ਦਾ ਸਹਿਯੋਗ ਕਰਨਾ ਚਾਹੀਦਾ ਹੈ । ਸੱਭ ਤੋਂ ਪਹਿਲਾਂ ਰਿੰਟੂ ਭਾਟੀਆ ਨੇ ਅੰਜੂ ਵੀ ਰੱਤੀ ਦਾ ਰੂਬਰੂ ਹਾਜ਼ਰੀਨ ਦੇ ਸਾਹਮਣੇ ਸਟੇਜ ਤੇ ਕੀਤਾ । ਇਹ ਰੂਬਰੂ ਪ੍ਰੋਗਰਾਮ ਡਾ . ਦਲਬੀਰ ਸਿੰਘ ਕਥੂਰੀਆ ਜੀ ਵੱਲੋਂ ਵਿਸ਼ਵ ਪੰਜਾਬੀ ਭਵਨ ਵਿਖੇ ਕੀਤਾ ਗਿਆ । ਰਿੰਟੂ ਭਾਟੀਆ ਨੇ ਦਰਸ਼ਕਾਂ ਦੇ ਸਾਹਮਣੇ ਸਟੇਜ ਤੇ ਹੀ ਅੰਜੂ ਵੀ ਰੱਤੀ ਨਾਲ ਉਹਨਾਂ ਦੀ ਜ਼ਿੰਦਗੀ ਅਤੇ ਲੇਖਣੀ ਬਾਰੇ ਸਵਾਲ ਜਵਾਬ ਕੀਤੇ । ਅੰਜੂ ਵੀ ਰੱਤੀ ਨੇ ਦੱਸਿਆ ਕਿ ਉਹਨਾਂ ਨੂੰ ਆਪਣੇ ਪਰਿਵਾਰ ਵੱਲੋਂ ਪੂਰਾ ਸਹਿਯੋਗ ਮਿਲਿਆ ਹੈ । ਸ਼ਾਦੀ ਦੇ ਬਾਦ ਉਸਨੂੰ ਪਰਿਵਾਰ ਵੱਲੋਂ ਮਿਲੇ ਸਹਿਯੋਗ ਸਦਕਾ ਉਹਨਾਂ ਆਪਣੀ ਪੜ੍ਹਾਈ ਜਾਰੀ ਰੱਖੀ , 3 ਐਮ ਏ ਪਾਸ ਕੀਤੀਆਂ , ਨੌਕਰੀ ਵੀ ਕੀਤੀ ਤੇ ਸ਼ਾਦੀ ਦੇ ਬਾਦ ਲਿਖਣਾ ਸ਼ੁਰੂ ਕੀਤਾ । ਰਿੰਟੂ ਭਾਟੀਆ ਬਹੁਤ ਵਿਲੱਖਣ ਅੰਦਾਜ਼ ਵਿੱਚ ਪ੍ਰੋਗਰਾਮ ਨੂੰ ਹੋਸਟ ਕਰਦੇ ਹਨ , ਚਾਹੇ ਉਹ ਰੂਬਰੂ ਹੋਏ ਜਾਂ ਕਵੀ ਦਰਬਾਰ । ਉਹਨਾਂ ਦੀ ਹੋਸਟਿੰਗ ਕਾਬਿਲੇ - ਤਾਰੀਫ਼ ਹੁੰਦੀ ਹੈ ।



ਰੂਬਰੂ ਦੇ ਬਾਦ ਡਾ . ਦਲਬੀਰ ਸਿੰਘ ਕਥੂਰੀਆ ਜੀ ਨੇ ਅੰਜੂ ਵੀ ਰੱਤੀ ਨੂੰ ਕਿਤਾਬਾਂ ਦਾ ਸੈਟ , ਵਿਸ਼ੇਸ਼ ਸਨਮਾਨ ਪੱਤਰ ਅਤੇ ਦੋਸ਼ਾਲਾ ਦੇ ਕੇ ਕੀਤਾ । ਇਸ ਮੌਕੇ ਸਟੇਜ ਤੇ ਕੁਝ ਕਮੇਟੀ ਮੈਂਬਰਜ਼ , ਇਸਤ੍ਰੀ ਵਿੰਗ ਦੇ ਮੈਂਬਰਜ਼ ਅਤੇ ਮਿਸਿਜ਼ ਤਜਿੰਦਰ ਕੌਰ ਕਥੂਰੀਆ ਬਿਰਾਜਮਾਨ ਸਨ । ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੀ ਫ਼ਾਊਂਡਰ ਤੇ ਵਿਸ਼ਵ ਪੰਜਾਬੀ ਸਭਾ ਦੀ ਚੇਅਰਪਰਸਨ ਰਮਿੰਦਰ ਰੰਮੀ ਨੇ ਦੱਸਿਆ ਕਿ ਅੰਜੂ ਵੀ ਰੱਤੀ ਉਹਨਾਂ ਦੇ ( ਕਾਵਿ ਮਿਲਣੀ ) ਪ੍ਰੋਗਰਾਮ ਦੀ ਸੱਭ ਤੋਂ ਪਹਿਲੀ ਹੋਸਟ ਸੀ ਤੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਵੀ ਅੰਜੂ ਵੀ ਰੱਤੀ , ਸਰਪ੍ਰਸਤ ਸੁਰਜੀਤ ਕੌਰ ਤੇ ਪ੍ਰਧਾਨ ਰਿੰਟੂ ਭਾਟੀਆ ਨੂੰ ਵੀ ਫ਼ਾਊਂਡਰ ਰਮਿੰਦਰ ਰੰਮੀ ਵੱਲੋਂ ਫੁਲਕਾਰੀ ਦੇ ਕੇ ਸਨਮਾਨਿਤ ਕੀਤਾ ਗਿਆ । ਦੂਸਰੇ ਸੈਸ਼ਨ ਵਿਚ ਕਵੀ ਦਰਬਾਰ ਹੋਇਆ , ਜਿਸਦੀ ਹੋਸਟਿੰਗ ਨਾਮਵਰ ਸ਼ਾਇਰਾ ਤੇ ਲੇਖਿਕਾ ਸੁਰਜੀਤ ਕੌਰ ਜੀ ਨੇ ਕੀਤੀ । ਸੁਰਜੀਤ ਜੀ ਬਹੁਤ ਸਹਿਜ ਵਿੱਚ ਪ੍ਰੋਗਰਾਮ ਕਰਦੇ ਹਨ ਤੇ ਇਸ ਕਵੀ ਦਰਬਾਰ ਦਾ ਆਯੋਜਨ ਬਹੁਤ ਨਿਵੇਕਲੇ ਅੰਦਾਜ਼ ਵਿਚ ਕੀਤਾ ਗਿਆ ਸੀ । ਸੁਰਜੀਤ ਕੌਰ ਨੇ ਸ਼ਾਇਰਾਂ ਨੂੰ ਉਹਨਾਂ ਤੋਂ ਦੋ ਤਿੰਨ ਸਵਾਲ ਪੁੱਛੇ ਸੀ ਕਦੋਂ ਕਿਵੇਂ ਲਿਖਣਾ ਸ਼ੁਰੂ ਕੀਤਾ ਤੇ ਫਿਰ ਉਹਨਾਂ ਨੂੰ ਆਪਣੀ ਰਚਨਾ ਸੁਣਾਉਣ ਲਈ ਕਿਹਾ ਗਿਆ । ਕਵੀ ਦਰਬਾਰ ਵਿੱਚ ਬਹੁਤ ਨਾਮਵਰ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ । ਸ਼ਾਇਰਾਂ ਨੇ ਆਪਣੀਆਂ ਖ਼ੂਬਸੂਰਤ ਰਚਨਾਵਾਂ ਪੇਸ਼ ਕਰਕੇ ਖ਼ੂਬ ਰੰਗ ਬੰਨਿਆ । ਹਾਜ਼ਰੀਨ ਸ਼ਾਇਰਾਂ ਵਿੱਚ ਰਿੰਟੂ ਭਾਟੀਆ , ਮਕਸੂਦ ਚੌਧਰੀ , ਦੀਪ ਕੁਲਦੀਪ , ਅੰਜੂ ਵੀ ਰੱਤੀ , ਹਰਭਜਨ ਕੌਰ ਗਿੱਲ , ਸੁਰਿੰਦਰ ਸੂਰ , ਹਰਜੀਤ ਭੰਮਰਾ , ਸੁਖਚਰਨਜੀਤ ਕੌਰ ਗਿੱਲ , ਡਾ . ਦਰਸ਼ਨਦੀਪ ਜੀ , ਡਾ . ਮਨਜੀਤ ਸਿੰਘ ਮਝੈਲ , ਰਾਜਵੀਰ ਸਿੰਘ ਸੰਧੂ , ਰਮਿੰਦਰ ਰੰਮੀ , ਸੁਰਜੀਤ ਕੌਰ , ਹਰਜੀਤ ਕੌਰ ਦਿੱਲੀ , ਨਿਧਾਨ ਸਿੰਘ ਜੀ , ਮੀਤਾ ਖੰਨਾ ਜੀ ਤੇ ਹੋਰ ਸ਼ਾਇਰਾਂ ਨੇ ਆਪਣੀਆਂ ਖ਼ੂਬਸੂਰਤ ਰਚਨਾਵਾਂ ਤੇ ਗੀਤ ਪੇਸ਼ ਕਰਕੇ ਵਿਸ਼ਵ ਪੰਜਾਬੀ ਭਵਨ ਦੇ ਵਿਹੜੇ ਨੂੰ ਰੁਸ਼ਨਾ ਦਿੱਤਾ । ਰਿੰਟੂ ਭਾਟੀਆ ਨੇ " ਮਿੱਤਰ ਪਿਆਰੇ ਨੂੰ " ਸ਼ਬਦ ਅਪਣੀ ਸੁਰੀਲੀ ਅਵਾਜ਼ ਵਿੱਚ ਪੇਸ਼ ਕੀਤਾ । ਜਿੱਥੇ ਕਵੀ ਦਰਬਾਰ ਦਾ ਅਗਾਜ਼ ਰਿੰਟੂ ਭਾਟੀਆ ਨੇ ਇੱਕ ਸੂਫ਼ੀ ਕਲਾਮ ਪੇਸ਼ ਕਰਕੇ ਕੀਤਾ ਤੇ ਅੰਤ ਤਾਜ ਸੇਖੋਂ ਅਤੇ ਉਹਨਾਂ ਦੇ ਪਤੀ ਗੁਰਚਰਨ ਸੇਖੋਂ ਜੀ ਨੇ ਟੱਪੇ ਸੁਣਾ ਕੇ ਕੀਤਾ ਜਿਸਨੇ ਮਾਹੌਲ ਨੂੰ ਹੋਰ ਰੁਸ਼ਨਾ ਦਿੱਤਾ ।ਮਿਸਿਜ਼ ਰੂਪ ਕਾਹਲੋਂ ਪ੍ਰਧਾਨ ਡਾ . ਇੰਦਰਜੀਤ ਸਿੰਘ ਬੱਲ ਸਰਪ੍ਰਸਤ , ਡਾ . ਸੋਹਨ ਸਿੰਘ ਪਰਮਾਰ ਪ੍ਰਧਾਨ ਤੇ ਹੋਰ ਬਹੁਤ ਨਾਮਵਰ ਸ਼ਖ਼ਸੀਅਤਾਂ ਨੇ ਇਸ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ । ਡਾ . ਦਲਬੀਰ ਸਿੰਘ ਕਥੂਰੀਆ ਨੇ ਪ੍ਰੋਗਰਾਮ ਵਿੱਚ ਹਾਜ਼ਰੀਨ ਮੈਂਬਰਜ਼ ਦਾ ਦਿਲੋਂ ਧੰਨਵਾਦ ਕੀਤਾ । ਇੰਡੀਆ ਤੋਂ ਸ਼ਾਇਰ ਸੁਖਦੇਵ ਸਿੰਘ ਅਰਮਾਨ ਦੇ ਬੇਟੇ ਅਰਸ਼ਦੀਪ ਗਿੱਲ ਉਚੇਚੇ ਤੌਰ ਤੇ ਵਿਸ਼ਵ ਪੰਜਾਬੀ ਭਵਨ ਦੇ ਵਿਹੜੇ ਵਿੱਚ ਪਹੁੰਚੇ ਤੇ ਆਪਣੇ ਪਾਪਾ ਦੀਆਂ ਗ਼ਜ਼ਲਾਂ ਦੀਆਂ ਕਿਤਾਬਾਂ ( ਸੈਲਫੀਆਂ ਲੈਂਦੀ ਧੁੱਪ ) ਕਥੂਰੀਆ ਜੀ ਤੇ ਰਮਿੰਦਰ ਰੰਮੀ ਨੂੰ ਪਿਆਰ ਸਹਿਤ ਭੇਂਟ ਕੀਤੀਆਂ । ਯਾਦਗਾਰੀ ਗਰੁੱਪ ਫੋਟੋ ਦੇ ਬਾਦ ਚਾਹ ਪਾਣੀ ਸਨੈਕਸ ਦਾ ਪ੍ਰਬੰਧ ਸੀ , ਸੱਭਨੇ ਮਿਲਕੇ ਉਸਦਾ ਅਨੰਦ ਲਿਆ ਤੇ ਮੁੜ ਮਿਲਣ ਦਾ ਵਾਦਾ ਕਰ ਸੱਭਨੇ ਵਿਦਾ ਲਈ । ਧੰਨਵਾਦ ਸਹਿਤ ।

**ਰਮਿੰਦਰ ਵਾਲੀਆ ਚੇਅਰਪਰਸਨ**
**ਵਿਸ਼ਵ ਪੰਜਾਬੀ ਸਭਾ ।**

# ਪੰਜਾਬੀ ਗੀਤਕਾਰੀ,ਵਾਰਤਕ ਤੇ ਕਹਾਣੀਆਂ ਦਾ ਥੰਮ੍ਹ ਮੂਲ ਚੰਦ ਸ਼ਰਮਾ

ਪੰਜਾਬੀ ਗੀਤਕਾਰੀ ਵਿੱਚ ਅਜਿਹੇ ਗੀਤਕਾਰ ਬਹੁਤ ਘੱਟ ਹਨ ਜਿਹੜੇ ਤਵਿਆਂ ਦੇ ਯੁੱਗ ਤੋਂ ਸ਼ੁਰੂ ਹੋ ਕੇ , ਕੈਸਿਟਾਂ , ਸੀਡੀਜ਼ , ਪੈਨ ਡਰਾਈਵ ਅਤੇ ਯੂ ਟਿਊਬ ਚੈਨਲਾਂ ਰਾਹੀਂ ਹੁੰਦਾ ਹੋਇਆ ਅਜੋਕੇ ਸੋਸ਼ਲ ਮੀਡੀਆ ਟਰੈਂਡ ਤੱਕ ਬਾਖ਼ੂਬੀ ਆਪਣੀ ਮਸਤਾਨੀ ਤੋਰ ਕਾਮਯਾਬੀ ਨਾਲ ਤੁਰ ਰਹੇ ਹਨ ਉਨ੍ਹਾਂ ਸਥਾਪਤ ਅਤੇ ਖ਼ੁਸ਼ ਕਿਸਮਤ ਗੀਤਕਾਰਾਂ ਵਿੱਚੋਂ ਇੱਕ ਨਾਂ ਹੈ ਮੂਲ ਚੰਦ ਸ਼ਰਮਾ ਪਿੰਡ ਰੰਚਣਾਂ ।

ਉਸ ਦਾ 1978 ਵਿੱਚ ਗੁਰਦਿਆਲ ਨਿਰਮਾਣ ਧੂਰੀ ਅਤੇ ਹਰਵਿੰਦਰ ਬੀਬਾ ਦੁਆਰਾ ਗਾਇਆ ਤਵਿਆਂ ਵਿੱਚ ਰਿਕਾਰਡ ਹੋਇਆ ਗੀਤ " ਪਾਣੀ ਦਾ ਜੱਗ ਫੜਾ ਦੇ , ਕੌਲੀ ਵਿੱਚ ਸਬਜ਼ੀ ਪਾ ਦੇ " ਜਿੱਥੇ ਅੱਜ ਵੀ ਬਾਦਸਤੂਰ ਸੁਣਿਆਂ ਸਲਾਹਿਆ ਜਾ ਰਿਹਾ ਹੈ ਓਥੇ ਹੀ 10 ਮਾਰਚ ਨੂੰ ਸੋਸ਼ਲ ਮੀਡੀਆ 'ਤੇ ਵਾਇਰਲ ਹੋਇਆ " ਪੁੱਤਰਾਂ ਨੂੰ ਦੁੱਧ ਪਿਲਾ ਕੇ " ਵੀ ਧੜਾ ਧੜ ਲਾਈਕ ਅਤੇ ਸ਼ੇਅਰ ਕੀਤਾ ਜਾ ਰਿਹਾ ਹੈ ਇਸ ਤੋਂ ਇਲਾਵਾ ਪਿਛਲੇ ਸਮੇਂ ਦੌਰਾਨ " ਕੀ ਕਿਹਾ ਸੀ ਬਾਬੇ ਨਾਨਕ ਨੇ , ਯਾਰੋ ਮੈਂ ਇੱਕ ਜਗਦਾ ਦੀਵਾ ਹਾਂ ਅਤੇ ਪਹਿਲਾਂ ਟੋਭੇ ਸੁੱਕੇ ਫਿਰ ਖੂਹ ਸੁੱਕ ਗਏ , ਹੌਲੀ ਹੌਲੀ ਦਰਖ਼ਤ ਵੀ ਸੁੱਕ ਜਾਣਗੇ " ਗੀਤ ਵੀ ਕਾਫ਼ੀ ਚਰਚਾ ਦਾ ਵਿਸ਼ਾ ਰਹੇ ਹਨ ।

ਮੂਲ ਚੰਦ ਸ਼ਰਮਾ ਦਾ ਜਨਮ ਜ਼ਿਲ੍ਹਾ ਸੰਗਰੂਰ ਦੀ ਧੂਰੀ ਤਹਿਸੀਲ ਦੇ ਇੱਕ ਛੋਟੇ



ਜਿਹੇ ਪਿੰਡ ਰੰਚਣਾਂ ( ਜਿਸ ਦਾ ਸਰਕਾਰੀ ਰਿਕਾਰਡ ਵਿੱਚ ਨਾਉਂ ਰਾਜਿੰਦਰਾ ਪੁਰੀ ਹੈ ) ਵਿਖੇ ਹੋਇਆ ਸੀ । ਮਾਤਾ ਪਿਤਾ ਅਨਪੜ੍ਹ ਅਤੇ ਖੇਤੀਬਾੜੀ ਦੇ ਕਿੱਤੇ ਨਾਲ ਜੁੜੇ ਹੋਣ ਦੇ ਬਾਵਜੂਦ ਉਹ ਡਰਾਇੰਗ ਦੇ ਵਿਸ਼ੇ ਦਾ ਸਰਕਾਰੀ ਸਕੂਲ ਅਧਿਆਪਕ ਬਣਿਆਂ ਅਤੇ ਲਗਭਗ ਸਾਢੇ ਉਨਤਾਲੀ ਸਾਲ ਅਧਿਆਪਨ ਦਾ ਕਾਰਜ ਕਰਨ ਤੋਂ ਬਾਅਦ ਸੇਵਾ ਮੁਕਤ ਹੋ ਚੁੱਕਾ ਹੈ ।

ਉਸ ਦੀ ਗੀਤਕਾਰੀ ਦੀ ਸ਼ੁਰੂਆਤ ਭਾਵੇਂ ਨੌਵੀਂ ਜਮਾਤ ਵਿੱਚ ਪੜ੍ਹਦਿਆਂ ਹੀ ਹੋ ਗਈ ਸੀ , ਉਸ ਦੇ ਪ੍ਰੇਰਨਾ ਸਰੋਤ ਭਾਵੇਂ ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲੇ ਸਨ ਲੇਕਿਨ 1973 ਵਿੱਚ ਉਹ ਉਸਤਾਦ ਗੀਤਕਾਰ ਹਰਨੇਕ ਸੋਹੀ



ਬਨਭੌਰੀ ਰਾਹੀਂ ਪੰਜਾਬੀ ਸਾਹਿਤ ਸਭਾ ਧੂਰੀ ਨਾਲ਼ ਜੁੜਿਆ ਜਿੱਥੇ ਸੋਹੀ ਤੋਂ ਇਲਾਵਾ ਮਹਿੰਦਰ ਸਿੰਘ ਮਾਨਵ , ਰਾਮ ਲਾਲ ਪ੍ਰੇਮੀ ਅਤੇ ਹੋਰ ਸੀਨੀਅਰ ਮੈਂਬਰਾਂ ਤੋਂ ਇਕੱਲੀ ਗੀਤਕਾਰੀ ਹੀ ਨਹੀਂ ਸਗੋਂ ਸਾਹਿਤ ਦੀਆਂ ਸਾਰੀਆਂ ਹੀ ਵਿਧਾਵਾਂ ਦੀਆਂ ਬਾਰੀਕੀਆਂ ਸਿੱਖਣ ਅਤੇ ਸਮਝਣ ਦਾ ਭਰਪੂਰ ਮੌਕਾ ਮਿਲਿਆ ਜਦੋਂ ਕਿ ਅਜੇ ਤੱਕ ਵੀ ਜਾਰੀ ਹੈ । ਇਸ ਦੀ ਬਦੌਲਤ ਉਸ ਨੇ ਗੀਤਾਂ ਤੋਂ ਇਲਾਵਾ ਕਵਿਤਾਵਾਂ , ਕਹਾਣੀਆਂ , ਗ਼ਜ਼ਲਾਂ ਅਤੇ ਕਾਵਿ ਟੁਕੜੀਆਂ ਲਿਖਣ ਵਿੱਚ ਵੀ ਹੱਥ ਅਜ਼ਮਾਈ ਕੀਤੀ , ਉਸ ਦੀਆਂ ਰਚਨਾਵਾਂ ਦੇ ਵਿਸ਼ੇ ਵੀ ਬਦਲਦੇ ਗਏ ਅਤੇ ਲੇਖਣੀ ਵਿੱਚ ਵੀ ਪਕਿਆਈ ਆਉਂਦੀ ਗਈ । ਉਸ ਦੇ ਲਿਖੇ ਗੀਤਾਂ ਨੂੰ ਆਪਣੀ ਆਵਾਜ਼ ਬਖ਼ਸ਼ਣ ਵਾਲ਼ੇ ਗਾਇਕ ਗਾਇਕਾਵਾਂ ਵਿੱਚ ਗੁਰਦਿਆਲ ਨਿਰਮਾਣ , ਲਵਲੀ ਨਿਰਮਾਣ , ਅਨੀਤਾ ਸਮਾਣਾ , ਜੱਸੀ ਲੌਂਗੋਵਾਲੀਆ , ਹਰਵਿੰਦਰ ਬੀਬਾ , ਜਸਵੰਤ ਕੌਰ ਗਿੱਲ , ਬਲਜੀਤ ਬੱਲੀ , ਤਰਸੇਮ ਸੇਮੀ , ਮਨਿੰਦਰ ਪ੍ਰੀਤ ਧੂਰੀ , ਸੁਖਵੀਰ ਸੁੱਖੀ , ਗੁਰਮੀਤ ਪ੍ਰੇਮੀ , ਹੈਰੀ ਬਾਠ , ਜੱਸ ਕੌਰ , ਬਲਵਿੰਦਰ ਬੱਬੀ , ਕੌਰ ਪੂਜਾ ਅਤੇ ਵੰਦਨਾ ਸਿੰਘ ਦੇ ਨਾਂ ਵਿਸ਼ੇਸ਼ ਵਰਨਣ ਯੋਗ ਹਨ ।

ਹੁਣ ਤੱਕ ਉਸ ਦੇ ਪੂਰੇ ਤਰਤਾਲ਼ੀ ਗੀਤ ਚਰਨਜੀਤ ਆਹੂਜਾ , ਕੇਸਰ ਸਿੰਘ ਨਰੂਲਾ, ਵਰਿੰਦਰ ਬਚਨ , ਸੁਰਿੰਦਰ ਬਚਨ ਅਤੇ ਕੇ . ਪੰਨਾਂ ਲਾਲ ਜਿਹੇ ਉਸਤਾਦ ਸੰਗੀਤਕਾਰਾਂ ਦੁਆਰਾ ਤਿਆਰ ਕੀਤੇ ਸੰਗੀਤ ਵਿੱਚ ਰਿਕਾਰਡ ਹੋ ਕੇ ਤਵਿਆਂ , ਕੈਸਿਟਾਂ , ਸੀਡੀਜ਼ ਅਤੇ ਯੂ ਟਿਊਬ ਚੈਨਲਾਂ ਰਾਹੀਂ ਪੰਜਾਬੀ ਸੰਗੀਤ ਜਗਤ ਦੀ ਝੋਲ਼ੀ ਪਏ ਅਤੇ ਸਰੋਤਿਆਂ ਵੱਲੋਂ ਪ੍ਰਵਾਨ ਵੀ ਕੀਤੇ ਗਏ । ਇਸ ਤੋਂ ਇਲਾਵਾ ਆਪਣੀ ਇਸ ਕਲਾ ਦੀ ਬਦੌਲਤ ਉਹ ਦੂਰਦਰਸ਼ਨ ਜਲੰਧਰ , ਅਕਾਸ਼ਬਾਣੀ ਜਲੰਧਰ ਅਤੇ ਪਟਿਆਲਾ ਦੇ ਨਾਲ ਨਾਲ ਵੱਖੋ ਵੱਖ ਪ੍ਰਾਈਵੇਟ ਚੈਨਲਾਂ ਦੇ ਪ੍ਰੋਗਰਾਮਾਂ ਵਿੱਚ ਵੀ ਦਰਜਨਾਂ ਵਾਰੀ ਭਾਗ ਲੈ ਚੁੱਕਾ ਹੈ । ਦਿੱਲੀ ਸੰਯੁਕਤ ਕਿਸਾਨ ਮੋਰਚਾ ਲੱਗਿਆ ਸੀ, ਬਾਪੂ ਮੂਲ ਚੰਦ ਜੀ ਨੇ ਯੋਧਿਆਂ ਦਾ ਹੌਸਲਾ ਵਧਾਉਣ ਲਈ ਕੋਈ ਡੇਢ ਸੌ ਬੋਲੀਆਂ ਲਿਖੀਆਂ ਸਨ ਜੋ ਕਿ ਦਿੱਲੀ ਧਰਨੇ ਵਿੱਚ ਢੋਲ ਢਮੱਕੇ ਨਾਲ ਹਰ ਰੋਜ਼ ਪੇਸ਼ ਕੀਤੀਆਂ ਜਾਂਦੀਆਂ ਸਨ ਜਿਸ ਨੂੰ ਸੰਯੁਕਤ ਕਿਸਾਨ ਮੋਰਚਾ ਦੇ ਮੁਖੀਆਂ ਨੇ ਬਹੁਤ ਪਸੰਦ ਕੀਤਾ ਬੋਲੀਆਂ ਪੇਸ਼ ਕਰਨ ਵਾਲੇ ਗਾਇਕ ਰੋਮੀ ਘੜਾਮੇ ਵਾਲੇ ਨੂੰ ਸਨਮਾਨਿਤ ਵੀ ਕੀਤਾ ਸੀ।

ਅਖ਼ਬਾਰਾਂ ਰਸਾਲਿਆਂ ਅਤੇ 12 ਸਾਂਝੀਆਂ ਸੰਪਾਦਿਤ ਪੁਸਤਕਾਂ ਵਿੱਚ ਛਪਣ ਤੋਂ




ਬਾਅਦ 2014 ਵਿੱਚ ਉਸ ਦਾ ਪਲੇਠਾ ਕਾਵਿ ਸੰਗ੍ਰਹਿ " ਪੱਥਰ 'ਤੇ ਲਕੀਰਾਂ " ਵੀ ਕਾਫ਼ੀ ਚਰਚਾ ਦਾ ਵਿਸ਼ਾ ਬਣਿਆ ਸੀ ਜਿਸ ਨੂੰ ਪੰਜਾਬੀ ਲਿਖਾਰੀ ਸਭਾ ਰਾਮਪੁਰ ( ਲੁਧਿਆਣਾ ) ਨੇ 2014 ਵਿੱਚ ਛਪੀਆਂ ਕਾਵਿ ਪੁਸਤਕਾਂ ਦੇ ਕਰਵਾਏ ਮੁਕਾਬਲੇ ਵਿੱਚ ਸਰਵੋਤਮ ਕਿਤਾਬ ਦਾ ਦਰਜਾ ਦਿੰਦਿਆਂ 15 ਮਾਰਚ 2015 ਨੂੰ ਉਸ ਦਾ " ਜਸਵੰਤ ਸਿੰਘ ਧਮੋਟ ਯਾਦਗਾਰੀ ਐਵਾਰਡ ਦੇ ਕੇ ਸਨਮਾਨ ਵੀ ਕੀਤਾ ਸੀ। ਇਸ ਕਿਤਾਬ ਵਿੱਚ ਛੋਟੀਆਂ ਛੋਟੀਆਂ ਰਚਨਾਵਾਂ ਆਪਣੇ ਵਿੱਚ ਇੱਕ ਕਹਾਣੀ ਸਮੋਈ ਬੈਠੀਆਂ ਹਨ, ਚਾਰ ਲਾਈਨਾਂ ਪੜ ਕੇ ਪਾਠਕ ਸੋਚਣ ਬੈਠ ਜਾਂਦਾ ਹੈ ਕਿ ਇਹ ਹੋਇਆ ਕਿਉਂ ਨਹੀਂ ਹੋ ਜਾਣਾ ਚਾਹੀਦਾ ਹੈ ਪੜਨ ਵਾਲੇ ਹਰ ਪਾਠਕ ਦੇ ਮਨ ਮੰਦਰ ਵਿੱਚ ਇਹ ਲਾਈਨਾਂ ਘਰ ਕਰਕੇ ਬੈਠ ਜਾਂਦੀਆਂ ਹਨ।

ਅੱਜ ਕੱਲ੍ਹ ਉਹ ਸੱਭਿਆਚਾਰਕ ਅਤੇ ਜੁਝਾਰੂ ਗੀਤਾਂ ਤੋਂ ਇਲਾਵਾ ਚਾਰ ਚਾਰ , ਅੱਠ ਅੱਠ ਸਤਰਾਂ ਦੀਆਂ ਕਾਵਿ ਟੁਕੜੀਆਂ, ਸਮਾਜਿਕ ਪੱਧਰ ਦੇ ਲੇਖਾਂ ਰਾਹੀਂ ਅਖ਼ਬਾਰਾਂ ਅਤੇ ਸੋਸ਼ਲ ਮੀਡੀਆ 'ਤੇ ਪੂਰੀ ਤਰ੍ਹਾਂ ਛਾਇਆ ਹੋਇਆ ਹੈ ਭਾਵੇਂ ਕਿ ਹਰ ਵਿਸ਼ੇ ਬਾਰੇ ਨਿੱਠ ਕੇ ਲਿਖ ਰਿਹਾ ਹੈ ਪਰੰਤੂ ਜ਼ਿਆਦਾ ਚਰਚਿਤ ਉਹ ਸਮਾਜਿਕ ਅਤੇ ਰਾਜਨੀਤਕ ਰਚਨਾਵਾਂ ਕਾਰਨ ਹੈ । ਬਾਬਾ ਨਾਨਕ ਦੇ 550ਵੇਂ ਗੁਰਪੁਰਬ ਤੇ ਰਚਿਆ ਗੀਤ ਕੀ ਕਿਹਾ ਸੀ ਬਾਬੇ ਨਾਨਕ ਨੇ ਲਿਖਿਆ ਜੋ ਕਈ ਗਾਇਕਾਂ ਨੇ ਗਾਇਆ ਯੂ ਟਿਊਬ ਤੇ ਉਸ ਸਮੇਂ ਤੋਂ ਇਹ ਗੀਤ ਧੁੰਮਾ ਮਚਾ ਰਿਹਾ ਹੈ ਕਿਉਂਕਿ ਬਾਬਾ ਨਾਨਕ ਦੀ ਸੋਚ ਤੇ ਪਹਿਰਾ ਦੇਣ ਵਾਲੀ ਗੱਲ ਇਸ ਗੀਤ ਵਿੱਚ ਠੋਸ ਤਰੀਕੇ ਨਾਲ ਕਹੀ ਗਈ ਹੈ।

ਉਸ ਦੇ ਰਚਨਾ ਸੰਸਾਰ ਦੀ ਕਦਰ ਕਰਦਿਆਂ ਭਾਵੇਂ ਉਸਨੂੰ ਸਾਹਿਤ ਅਤੇ ਸੱਭਿਆਚਾਰ ਨਾਲ਼ ਜੁੜੀਆਂ ਦਰਜਨਾਂ ਹੀ ਸਭਾ ਸੋਸਾਇਟੀਆਂ ਵੱਲੋਂ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ ਲੇਕਿਨ ਉਹ ਸਭ ਤੋਂ ਵੱਡਾ ਸਨਮਾਨ ਪਾਠਕਾਂ ਸਰੋਤਿਆਂ ਵੱਲੋਂ ਮਿਲੇ ਪਿਆਰ ਸਤਿਕਾਰ ਅਤੇ ਆਪਣੇ ਪਿੰਡ ਰੰਚਣਾਂ ਦੇ ਲੋਕਾਂ ਵੱਲੋਂ ਜਨਮਦਿਨ ਮਨਾ ਕੇ ਬਖ਼ਸ਼ੇ " ਪਿੰਡ ਦਾ ਮਾਣ ਐਵਾਰਡ " ਨੂੰ ਮੰਨਦਾ ਹੈ , ਇਸ ਤੋਂ ਇਲਾਵਾ ਉਸ ਦੇ ਸਾਥੀ ਲੇਖਕਾਂ ਦੀ ਬਦੌਲਤ ਉਹ ਪੰਜਾਬੀ ਸਾਹਿਤ ਸਭਾ ਧੂਰੀ ਦੇ ਪ੍ਰਧਾਨ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ( ਰਜਿ: ) ਦੇ ਮੀਤ ਪ੍ਰਧਾਨ ਦੀਆਂ ਜ਼ਿੰਮੇਵਾਰੀਆਂ ਵੀ ਨਿਭਾਅ ਰਿਹਾ ਹੈ । ਸ਼ਾਲਾ ਉਸ ਦੀ ਇਸ ਗੀਤਕਾਰੀ ਦੀ ਉਮਰ ਲੋਕਗੀਤਾਂ ਤੋਂ ਵੀ ਲੰਮੀ ਹੋਵੇ । ਅੰਤ ਵਿੱਚ ਉਸ ਦੇ ਇੱਕ ਹੋਰ ਗੀਤ ਦਾ ਮੁਖੜਾ ਵੇਖਣ ਯੋਗ ਹੈ ।

ਸਾਨੂੰ ਤਪਸ਼ ਮਿਲੀ ਏ ਸੂਰਜ ਤੋਂ ,
ਅਸੀਂ ਚੰਦਰਮਾ ਤੋਂ ਠੰਢ ਲਈ ।
ਅਸੀਂ ਪਵਣ ਗੁਰੂ ਤੋਂ ਤੇਜ਼ੀ ਲੈ ,
ਪਾਣੀ ਤੋਂ ਰਵਾਨੀ ਮੰਗ ਲਈ ।
ਤਾਈਓਂ ਦੁੱਖਾਂ ਵਿੱਚ ਵੀ ਰਖਦੇ ਹਾਂ,
ਅਸੀਂ ਬੁੱਲ੍ਹਾਂ 'ਤੇ ਮੁਸਕਾਨ ਕੁੜੇ ।
ਦੱਸ ਮੰਗਵੇਂ ਖੰਭਾਂ ਤੋਂ ਕੀ ਲੈਣਾ ,
ਸਾਡੀ ਹੌਂਸਲੇ ਨਾਲ ਉਡਾਨ ਕੁੜੇ ।



**ਰਮੇਸ਼ਵਰ ਸਿੰਘ**
**ਪਟਿਆਲਾ**
**ਸੰਪਰਕ-9914880392**

# ਸਾਹਿਤ ਸਮਾਜ

08/01/2025

## ਮੇਰਾ ਘੁਮਿਆਰਾ (ਭਾਗ 3)



ਮੇਰਾ ਪਿੰਡ ਘੁਮਿਆਰਾ ਡਬਵਾਲੀ ਤੋਂ ਅਬੋਹਰ ਸੀਤੋ ਰੋਡ ਤੇ ਸਥਿਤ ਹੈ। ਮੁੱਖ ਸੜ੍ਹਕ ਤੋਂ ਪਿੰਡ ਵਿੱਚ ਜਾਣ ਲਈ ਤਿੰਨ ਰਾਹ ਹਨ। ਪਹਿਲਾ ਬਰਾਨੀ ਛੱਪੜ ਕੋਲ੍ਹ ਦੀ ਜਾਂਦਾ ਹੈ ਇਹ ਪਿੰਡ ਵਿੱਚ ਹਰੀਜਨ ਬਸਤੀ ਵਿੱਚ ਜਾਂਦਾ ਹੈ। ਇੱਕ ਐਂਟਰੀ ਵਿਚਾਲੇ ਹੈ ਇਸ ਰਾਹ ਤੇ ਬੱਸ ਅੱਡਾ ਬਣਿਆ ਹੋਇਆ ਹੈ। ਇਹ ਨਵੇਂ ਗੁਰਦੁਆਰੇ ਕੋਲ੍ਹ ਦੀ ਸਕੂਲ ਦੇ ਨੇੜੇ ਦੀ ਵੱਡੇ ਛੱਪੜ ਕੋਲ੍ਹ ਦੀ ਜਾਂਦਾ ਹੈ। ਤੀਜੀ ਐਂਟਰੀ ਸਿਵਿਆਂ ਕੋਲ ਦੀ ਹੈ। ਮਿਡੂ ਖੇੜਾ ਵੱਲ ਜਾਣ ਲਈ ਵਧੀਆ ਹੈ। ਉਂਜ ਪਿੰਡ ਤੋਂ ਲੋਹਾਰੇ ਵੜਿੰਗ ਖੇੜੇ ਫੱਤਾਕੇਰਾ ਅਤੇ ਮਿਡੂ ਖੇੜੇ ਨੂੰ ਵੱਖ ਵੱਖ ਰਾਹ ਜਾਂਦੇ ਹਨ। ਅਸੀਂ ਰਾਹ ਨੂੰ ਪਹੀਆਂ ਆਖਦੇ ਸੀ। ਹੁਣ ਸ਼ਾਇਦ ਲਿੰਕ ਰੋਡਸ ਬਣੀਆਂ ਹਨ।ਪਹਿਲ਼ਾਂ ਪਿੰਡ ਵਿੱਚ ਇੱਕ ਡੂੰਘਾ ਬਰਾਨੀ ਛੱਪੜ, ਇੱਕ ਵੱਡਾ ਛੱਪੜ ਜੋ ਸਕੂਲ ਦੇ ਨਾਲ ਲੱਗਦਾ ਸੀ, ਇੱਕ ਸਿਵਿਆਂ ਵਾਲਾ ਛੱਪੜ ਤੇ ਇੱਕ ਖੂਹ ਵਾਲਾ ਛੱਪੜ ਹੁੰਦਾ ਸੀ। ਬਰਾਨੀ ਅਤੇ ਵੱਡੇ ਛੱਪੜ ਦੇ ਨਾਲ ਇੱਕ ਕੱਚੀ ਡਿੱਗੀ ਵੀ ਹੁੰਦੀ ਸੀ। ਬਾਅਦ ਵਿੱਚ ਇਹ ਤਿੰਨੇ ਮਿਲਕੇ ਇੱਕ ਹੋ ਗਏ ਸਨ। ਕਹਿੰਦੇ ਵੱਡੇ ਛੱਪੜ ਚੋ ਲੋਕ ਬਰੇਤੀ ਕੱਢਦੇ ਸਨ। ਖੂਹ ਵਾਲੇ ਛੱਪੜ ਚ ਗਾਰ ਬਹੁਤ ਹੁੰਦੀ ਸੀ ਪਰ ਅਸੀਂ ਬਰਾਨੀ ਛੱਪੜ ਨੂੰ ਛੱਡਕੇ ਬਾਕੀ ਸਾਰਿਆਂ ਵਿੱਚ ਨਹਾਉਣ ਦਾ ਮਜ਼ਾ ਲਿਆ ਹੋਇਆ ਹੈ। ਗਰਮੀ ਦੇ ਦਿਨਾਂ ਵਿੱਚ ਜਦੋਂ ਛੱਪੜ ਸੁੱਕ ਜਾਂਦੇ ਲੋਕ ਗਾਰੇ ਨੂੰ ਇਕੱਠਾ ਕਰਕੇ ਇੱਟਾਂ ਬਣਾਉਂਦੇ ਓਹਣਾਂ ਨੂੰ ਪਾਲੀ ਦੀਆਂ ਇੱਟਾਂ ਕਹਿੰਦੇ ਸਨ। ਉਂਜ ਵੀ ਲੋਕ ਛੱਪੜ ਤੋਂ ਗਾਰਾ ਲਿਆਕੇ ਆਪਣੀਆਂ ਕੱਚੀਆਂ ਕੰਧਾਂ ਲਿੱਪਦੇ। ਪੱਕੇ ਮਕਾਨ ਤਾਂ ਵਿਰਲੇ ਹੀ ਸਨ। ਵੱਡੇ ਘਰਾਂ ਕੋਲ੍ਹ ਇੱਕ ਚੋਰਸ ਡਿੱਗੀ ਹੁੰਦੀ ਸੀ ਜਿਸ ਦੇ ਅੰਦਰ ਪੌੜ੍ਹੀਆਂ ਬਣੀਆਂ ਹੋਈਆਂ ਸਨ। ਪੁਰਾਣੇ ਗੁਰਦੁਆਰਾ ਸਾਹਿਬ ਕੋਲ੍ਹ ਇੱਕ ਗੋਲ ਡਿੱਗੀ ਹੁੰਦੀ ਸੀ। ਉਥੇ ਬਾਲਟੀਆਂ ਲਮਕਾ ਕੇ ਪਾਣੀ ਕੱਢਣਾ ਪੈਦਾ ਸੀ। ਪਿੰਡ ਵਿੱਚ ਪੰਜ ਚਾਰ ਨਲਕੇ ਵੀ ਸਨ। ਝਿਊਰ ਘਰਾਂ ਵਿੱਚ ਪਾਣੀ ਪਾਉਣ ਵੀ ਆਉਂਦੇ ਸਨ । ਬਾਅਦ ਵਿੱਚ ਖੂਹ ਦੇ ਨੇੜੇ ਹੀ ਵਾਟਰ ਵਰਕਸ ਬਣ ਗਿਆ।

ਪਹਿਲ਼ਾਂ ਪਿੰਡ ਵਿੱਚ ਇਕੋ ਸ੍ਰੀ ਗੁਰਦੁਆਰਾ ਸਾਹਿਬ ਸੀ ਤੇ ਇੱਕ ਬਾਬਾ ਬਿਸ਼ਨ ਦਾਸ ਦਾ ਡੇਰਾ ਸੀ। ਹੋਰ ਕੋਈਂ ਧਾਰਮਿਕ ਜਗ੍ਹਾ ਨਹੀਂ ਸੀ। ਪਿੰਡ ਦੇ ਵਿਚਾਲੇ ਇੱਕ ਥਿਆਈ ਸੀ। ਬਾਅਦ ਵਿੱਚ ਇੱਕ ਧਰਮਸ਼ਾਲਾ ਖੂਹ ਵਾਲੇ ਪਾਸੇ ਬਣਾਈ ਗਈ। ਖੂਹ ਮੇਰੇ ਦੇਖਣ ਵਿੱਚ ਬੰਦ ਹੀ ਸੀ। ਕਿਉਂਕਿ ਪਾਣੀ ਬਹੁਤ ਨੀਵਾਂ ਸੀ। ਪਹਿਲ਼ਾਂ ਇੱਕੋਂ ਸਕੂਲ ਸੀ ਜੋ ਮਿਡਲ ਤੱਕ ਸੀ ਫਿਰ ਉਹ ਹਾਈ ਅਤੇ ਫਿਰ ਸੀਨੀਅਰ ਸਕੈਂਡਰੀ ਬਣਿਆ। ਨਾਲ ਹੀ ਪ੍ਰਾਇਮਰੀ ਸਕੂਲ ਦੀ ਇਮਾਰਤ ਅਲੱਗ ਬਣਾਈਂ ਗਈ। ਸਕੂਲ ਮੂਹਰੇ ਬਹੁਤ ਵੱਡਾ ਤੇ ਉੱਚਾ ਆਵਾ ਸੀ। ਮਤਲਬ ਸੁਆਹ ਅਤੇ ਕੰਕਰੀਟ ਦਾ ਢੇਰ। 1972_73 ਵਿੱਚ ਉਸ ਸਮੇਂ ਦੇ ਹੈਡ ਮਾਸਟਰ ਸ੍ਰੀ ਗੁਰ-ਚਰਨ ਸਿੰਘ ਮੁਸਾਫ਼ਿਰ ਨੇ ਪਿੰਡ ਵਾਲਿਆਂ ਦੇ ਸਹਿਯੋਗ ਨਾਲ ਉਸ ਆਵੇ ਨੂੰ ਪੱਧਰਾ ਕਰਕੇ ਅੱਧੇ ਛੱਪੜ ਨੂੰ ਭਰਿਆ ਗਿਆ ਅਤੇ ਨਵੇਂ ਗਰਾਉਂਡ ਬਣਾਏ ਗਏ। ਕੋਈਂ ਪੰਦਰਾਂ ਵੀਹ ਦਿਨ ਊਠਾਂ ਅਤੇ ਬਲਦਾਂ ਮਗਰ ਕਰਾਹੇ ਜੋੜਕੇ ਇਹ ਕੰਮ ਚਲਦਾ ਰਿਹਾ।

ਪਹਿਲ਼ਾਂ ਪਿੰਡ ਵਿੱਚ ਗਿਣਤੀ ਦੀਆਂ ਹੀ ਹੱਟੀਆਂ ਸਨ। ਜਿਵੇਂ ਬਾਬੇ ਹਰਗੁਲਾਲ ਦੀ ਹੱਟੀ, ਹਰਬੰਸ ਮਿੱਡੇ ਦੀ ਹੱਟੀ, ਬਾਬੇ ਆਤਮੇ ਦੀ ਹੱਟੀ, ਤਾਰੀ ਦੀ ਹੱਟੀ ਬਾਈ ਬਲਬੀਰੇ ਦੀ ਹੱਟੀ ਤੋਂ ਇਲਾਵਾ ਇੱਕ ਬਲੰਗਨਾਂ ਦੇ ਵੇਹੜੇ ਮੋਦੀ ਦੀ ਹੱਟੀ ਹੁੰਦੀ ਸੀ। ਬਾਕੀ ਇੱਕ ਦੋ ਹੱਟੀਆਂ ਹੋਰ ਵੀ ਸਨ ਜਿੰਨਾ ਦਾ ਬਹੁਤਾਂ ਨਾਮ ਨਹੀਂ ਸੀ। ਬਾਬਾ ਭਾਨਾ ਪਿੰਡ ਵਿੱਚ ਸਾਈਕਲ ਤੇ ਸਬਜ਼ੀ ਵੇਚਦਾ ਸੀ ਤੇ ਦੋ ਘਰ ਸੁਨਿਆਰਾਂ ਦੇ ਵੀ ਸਨ। ਇੱਕ ਦੋ ਘਰ ਪੰਡਿਤਾਂ ਤੋਂ ਇਲਾਵਾ ਪੂਰਾ ਪਿੰਡ ਪਰਜਾਪਤਾਂ ਦਾ ਸੀ। ਬਹੁਤੇ ਘਰਾਂ ਕੋਲ੍ਹ ਚੰਗੀਆਂ ਜ਼ਮੀਨਾਂ ਤੇ ਟਰੈਕਟਰ ਸਨ। ਉਂਜ ਪਿੰਡ ਦਾ ਵੇਹੜਾ ਵੀ ਬਹੁਤ ਵੱਡਾ ਸੀ। ਵੇਹੜੇ ਵਾਲਿਆਂ ਦੀ ਆਪਣੀ ਕਾਫੀ ਵੱਸੋਂ ਸੀ। ਕਮਾਲ ਦੀ ਗੱਲ ਇਹ ਸੀ ਕਿ ਪਿੰਡ ਵਿੱਚ ਇੱਕ ਵੀ ਘਰ ਜੱਟਾਂ ਦਾ ਨਹੀਂ ਸੀ ਤੇ ਨਾ ਹੀ ਕੋਈਂ ਘਰ ਮਿੱਟੀ ਦੇ ਭਾਂਡੇ ਬਣਾਉਂਦਾ ਸੀ। ਪਿੰਡ ਵਿੱਚ ਇਤਫ਼ਾਕ ਸੀ ਬਹੁਤੇ ਲੋਕ ਭੋਲੇ ਤੇ ਸਿੱਧੇ ਸਨ। ਅਨਪੜ੍ਹਤਾ ਭਾਰੂ ਸੀ ਪਰ ਫਿਰ ਵੀ ਲੋਕ ਸਮਝਦਾਰ ਤੇ ਮਿਲਣਸਾਰ ਸਨ।



**ਰਮੇਸ ਸੇਠੀ ਬਾਦਲ**

**ਮੋ 98 766 27 233**

# ਦੋਨੋਂ ਟਰੂਡੋ - ਪਿਉ- ਪੁੱਤਰ ਆਪਣੀ ਸਰਕਾਰ ਨਾ ਚਲਾ ਸਕੇ

**ਸੁਰਜੀਤ ਸਿੰਘ ਫਲੋਰਾ**

ਸੋਮਵਾਰ ਦਸੰਬਰ 6 ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਅਸਤੀਫ਼ਾ, ਆਪਣੇ ਆਪ ਨੂੰ ਆਪਣੇ ਦੇਸ਼ ਦੇ ਸਾਹਮਣੇ ਰੱਖਣ ਤੋਂ ਬਾਅਦ, ਉਸ ਦੁਆਰਾ ਕੈਨੇਡਾ ਨੂੰ ਹੋਏ ਭਾਰੀ ਰਾਜਨੀਤਿਕ ਅਤੇ ਆਰਥਿਕ ਨੁਕਸਾਨ ਨੂੰ ਪੂਰਾ ਕਰਨ ਲਈ ਬਹੁਤ ਦੇਰ ਨਾਲ ਆਇਆ ਹੈ। 2015 ਤੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਅਤੇ 2013 ਤੋਂ ਲਿਬਰਲ ਪਾਰਟੀ ਦੇ ਆਗੂ ਬਣੇ ਹੋਏ ਜਸਟਿਨ ਟਰੂਡੋ ਦੀ ਹਰਮਨਪਿਆਰਤਾ ਬੀਤੇ ਸਮੇਂ ਤੋਂ ਦੇਸ਼ ਭਰ 'ਚ ਬਹੁਤ ਨਿਘਾਰ ਵੱਲ ਜਾ ਚੁੱਕੀ ਸੀ ਤੇ ਉਨ੍ਹਾਂ ਦੀ ਆਪਣੀ ਪਾਰਟੀ 'ਚ ਵੀ ਉਨ੍ਹਾਂ ਉਪਰ ਅਸਤੀਫ਼ਾ ਦੇਣ ਲਈ ਦਬਾਅ ਲਗਾਤਾਰ ਵਧ ਰਿਹਾ ਸੀ । ਅਜਿਹੇ ਅਣਸੁਖਾਵੇਂ ਹਾਲਾਤ ਨੂੰ ਮਹਿਸੂਸ ਕਰਦੇ ਹੋਏ ਟਰੂਡੋ ਨੇ ਸੋਮਵਾਰ ਦਸੰਬਰ 6 ਆਪਣੀ ਪਾਰਟੀ ਦੇ ਆਗੂ ਵਜੋਂ ਅਸਤੀਫ਼ੇ ਦਾ ਐਲਾਨ ਕਰ ਦਿੱਤਾ ਪਰ ਪਾਰਟੀ ਦਾ ਅਗਲਾ ਆਗੂ ਚੁਣੇ ਜਾਣ ਤੱਕ ਉਹ ਦੇਸ਼ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਉਪਰ ਬਣੇ ਰਹਿਣਗੇ । ਉਸ ਦੇ ਹੰਕਾਰ ਅਤੇ ਤੰਗਦਿਲੀ ਦੇ ਕਾਰਨ, ਕੈਨੇਡਾ ਲਈ ਅਜਿਹੇ ਸਮੇਂ ਵਿੱਚ ਅੱਗੇ ਵਧਣ ਲਈ ਕੋਈ ਚੰਗੇ ਵਿਕਲਪ ਨਹੀਂ ਹਨ ਜਦੋਂ ਕੈਨੇਡਾ ਅਮਰੀਕਾ ਦੇ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਆਪਣੀ ਜਨਵਰੀ 20 ਤੋਂ ਸੁੰਹ ਚੁਕਣ ਤੋਂ ਬਾਅਦ, ਸਾਰੇ ਕੈਨੇਡੀਅਨ ਸਮਾਨ 'ਤੇ 25% ਟੈਰਿਫ ਲਗਾ ਰਹੇ ਹਨ।

ਅਜਿਹੇ ਸਮੇਂ ਵਿੱਚ ਜਦੋਂ ਕੈਨੇਡੀਅਨਾਂ ਨੂੰ ਇਸ ਖਤਰੇ ਦਾ ਮੁਕਾਬਲਾ ਕਰਨ ਲਈ ਇੱਕ ਮਜ਼ਬੂਤ, ਸੰਯੁਕਤ ਅਤੇ ਸਮਰੱਥ ਫੈਡਰਲ ਸਰਕਾਰ ਦੀ ਲੋੜ ਹੈ, ਕੈਨੇਡਾ ਕੋਲ ਇੱਕ ਅਰਾਜਕਤਾ ਵਾਲੀ ਰਾਜਨੀਤਿਕ ਪਾਰਟੀ ਹੈ, ਜਿਸ ਦੇ ਮੈਂਬਰ ਦੇਸ਼ ਦੇ ਭਲੇ ਨਾਲੋਂ ਆਪਣੇ ਸਿਆਸੀ ਭਵਿੱਖ ਬਾਰੇ ਵਧੇਰੇ ਚਿੰਤਤ ਹਨ। ਟਰੂਡੋ ਨੂੰ ਅਸਤੀਫਾ ਦੇਣ ਲਈ ਉਹਨਾਂ ਦੀ ਵਿਆਪਕ ਕਾਲ ਉਦੋਂ ਹੀ ਆਈ ਜਦੋਂ ਪੋਲਾਂ ਨੇ ਦਿਖਾਇਆ ਕਿ ਲਿਬਰਲ ਪਾਰਟੀ ਆ ਰਹੀਆਂ ਅਕਤੂਬਰ 2025 ਵਿਚ ਚੋਣਾ ਵਿੱਚ ਪਹਿਲੇ ਨੰਬਰ ਤੋਂ ਤੀਜੇ ਜਾਂ ਚੌਥੇ ਨੰਬਰ ਤੇ ਜਾ ਡਿੱਗੇਗੀ।

ਟਰੂਡੋ ਦਾ ਸਿਆਸੀ ਭਵਿੱਖ ਕਈ ਮਹੀਨਿਆਂ ਤੋਂ ਡਾਵਾਂਡੋਲ ਰਿਹਾ ਹੈ, ਕਿਉਂਕਿ ਉਹ ਆਪਣੀ ਪਾਰਟੀ ਦੀ ਕਿਸਮਤ ਨੂੰ ਉਲਟਾਉਣ ਵਿੱਚ ਅਸਮਰੱਥ ਸਾਬਤ ਹੋਏ ਸਨ, ਜੋ ਕਿ ਮਹਿੰਗਾਈ ਦੇ ਝਟਕੇ ਤੋਂ ਬਾਅਦ ਤੇਜ਼ੀ ਨਾਲ ਵਧੀ ਸੀ, ਅਤੇ ਨਤੀਜੇ ਵਜੋਂ ਵਿਆਜ ਦਰਾਂ ਵਿੱਚ ਉਛਾਲ ਨੇ ਕੈਨੇਡੀਅਨ ਪਰਿਵਾਰਾਂ ਨੂੰ ਪ੍ਰਭਾਵਿਤ ਕੀਤਾ ਸੀ। ਹਾਲ ਹੀ ਦੇ ਹਫਤਿਆਂ ਵਿੱਚ ਲਗਭਗ 150 ਸੰਸਦ ਮੈਂਬਰਾਂ ਦੇ ਉਸਦੇ ਕਾਕਸ ਤੋਂ ਸਮਰਥਨ ਪਿਘਲ ਗਿਆ ਹੈ।

ਉਸ ਦਾ ਵਿਦਾਇਗੀ ਉਸ ਨੂੰ ਸੱਤਾ 'ਤੇ ਆਪਣੀ ਪਕੜ ਗੁਆਉਣ ਲਈ ਇੱਕ ਉੱਨਤ ਆਰਥਿਕਤਾ ਦਾ ਨਵੀਨਤਮ ਨੇਤਾ ਬਣਾਉਂਦਾ ਹੈ। ਯੂਐਸ ਦੇ ਰਾਸ਼ਟਰਪਤੀ ਜੋ ਬਿਡੇਨ ਨੂੰ ਦੁਬਾਰਾ ਚੋਣ ਲਈ ਆਪਣੀ ਦੌੜ ਛੱਡਣ ਲਈ ਮਜਬੂਰ ਕੀਤਾ ਗਿਆ, ਰਿਸ਼ੀ ਸੁਨਕ ਦੀ ਪਾਰਟੀ ਨੂੰ ਯੂਕੇ ਦੀਆਂ ਆਮ ਚੋਣਾਂ ਵਿੱਚ ਸ਼ਰਮਨਾਕ ਹਾਰ ਦਾ ਸਾਹਮਣਾ ਕਰਨਾ ਪਿਆ, ਅਤੇ ਜਰਮਨ ਚਾਂਸਲਰ ਓਲਾਫ ਸਕੋਲਜ਼ ਇੱਕ ਅਗਾਮੀ ਵੋਟ ਗੁਆਉਣ ਲਈ ਤਿਆਰ ਜਾਪਦਾ ਹੈ। ਪਾਰਟੀ ਦੇ ਹਿੱਤ ਲਈ ਟਰੂਡੋ ਨੇ ਇਹ ਸਹੀ ਕਦਮ ਚੁਕਿਆ ਹੈ।

ਇਸ ਦੇ ਨਾਲ ਹੀ ਕਈ ਦੇਸ਼ਾ ਨਾਲ ਟਰੂਡੋ ਵਲੋਂ ਵੈਰ ਮੁਲ ਲਏ ਹੋਏ ਸਨ, ਜਿਹਨਾਂ ਕਰਕੇ ਅਕਸਰ ਉਹ ਅਖਬਾਰਾਂ ਦੀਆਂ ਸੁਰਖੀਆ ਬਣੇ ਰਹੇ ਹਨ।

ਜਿਸ ਵਿਚ ਸਭ ਤੋਂ ਅੱਗੇ ਭਾਰਤ ਹੀ ਆਉਂਦਾ ਹੈ। ਕਿਉਂਕਿ ਕੈਨੇਡਾ ਨੇ ਆਪਣੀ ਧਰਤੀ ਦੇ ਅੰਦਰ ਅਤੇ ਇਸ



ਤੋਂ ਬਾਹਰ ਹਰ ਭਾਰਤ ਵਿਰੋਧੀ ਗਤੀਵਿਧੀ ਦਾ ਦ੍ਰਿੜਤਾ ਨਾਲ ਸਮਰਥਨ ਕੀਤਾ ਹੈ, ਖਾਸ ਕਰਕੇ ਜਦੋਂ ਤੋਂ ਟਰੂਡੋ ਨੇ ਸੱਤਾ ਸੰਭਾਲੀ ਹੈ। ਖਾਲਿਸਤਾਨ ਸਮਰਥਕਾਂ ਦੀ ਗਿਣਤੀ ਟਰੂਡੋ ਦੀ ਕੈਬਨਿਟ ਦਾ ਹਿੱਸਾ ਰਹੀ ਹੈ। ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਭਾਰਤ ਨਾਲ ਪਿਛਲੇ ਸਾਲਾਂ ਤੋਂ ਵਿਵਾਦ ਚੱਲ ਰਿਹਾ ਸੀ ਅਤੇ ਭਾਰਤ ਵੱਲੋਂ ਮੈਪਲ ਲੀਫ ਦੇਸ਼ ਤੋਂ ਆਪਣੇ ਹਾਈ ਕਮਿਸ਼ਨਰ ਅਤੇ ਕਈ ਨਿਸ਼ਾਨਾ ਬਣਾਏ ਗਏ ਡਿਪਲੋਮੈਟਾਂ ਨੂੰ ਵਾਪਸ ਬੁਲਾਉਣ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਰਿਸ਼ਤੇ ਇੱਕ ਨਵੀਂ ਨੀਵੀਂ ਪੱਧਰ 'ਤੇ ਪਹੁੰਚ ਗਏ ਸਨ । ਭਾਰਤ ਸਰਕਾਰ ਦਾ ਇਹ ਫੈਸਲਾ ਟਰੂਡੋ ਵੱਲੋਂ ਖਾਲਿਸਤਾਨੀ ਅੱਤਵਾਦੀ ਹਰਦੀਪ ਸਿੰਘ ਨਿੱਝਰ ਦੇ ਕਤਲ ਨਾਲ ਜੁੜੀ ਜਾਂਚ ਵਿੱਚ ਭਾਰਤੀ ਹਾਈ ਕਮਿਸ਼ਨਰ ਨੂੰ ਸ਼ਾਮਲ ਕਰਨ ਦੀ ਕੋਸ਼ਿਸ਼ ਤੋਂ ਬਾਅਦ ਲਿਆ ਗਿਆ ਸੀ। ਭਾਰਤ ਨੇ ਦੋਸ਼ਾਂ ਦੀ ਸਖ਼ਤ ਨਿੰਦਾ ਕੀਤੀ, ਉਨ੍ਹਾਂ ਨੂੰ "ਮਨਘੜਤ" ਅਤੇ "ਸਿਆਸੀ ਤੌਰ 'ਤੇ ਪ੍ਰੇਰਿਤ" ਦੱਸਿਆ।

ਇਸ ਸਿਆਸੀ ਦਰਾਰ ਦੀਆਂ ਜੜ੍ਹਾਂ ਜਸਟਿਨ ਟਰੂਡੋ ਦੇ ਪਿਤਾ ਅਤੇ ਸਾਬਕਾ ਕੈਨੇਡੀਅਨ ਪ੍ਰਧਾਨ ਮੰਤਰੀ ਪੀਅਰੇ ਇਲੀਅਟ ਟਰੂਡੋ ਤੱਕ ਲੱਭੀਆਂ ਜਾ ਸਕਦੀਆਂ ਹਨ, ਜਿਨ੍ਹਾਂ ਨੂੰ ਭਾਰਤ ਨਾਲ ਸਬੰਧਾਂ ਵਿੱਚ ਵੀ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਸੀ। ਅਕਤੂਬਰ 2024 ਵਿੱਚ ਇੱਕ ਸੀਬੀਸੀ ਦੀ ਰਿਪੋਰਟ ਦੇ ਅਨੁਸਾਰ, 1974 ਵਿੱਚ ਭਾਰਤ ਦੁਆਰਾ ਆਪਣੇ ਪਰਮਾਣੂ ਪਰੀਖਣ ਤੋਂ ਬਾਅਦ, ਕੈਨੇਡਾ ਨੇ ਨਾਰਾਜ਼ਗੀ ਜ਼ਾਹਰ ਕੀਤੀ, ਅਤੇ ਟਰੂਡੋ ਪ੍ਰਸ਼ਾਸਨ ਨੇ ਪ੍ਰਮਾਣੂ ਅਪ੍ਰਸਾਰ ਲਈ ਕੈਨੇਡਾ ਦੀ ਵਚਨਬੱਧਤਾ ਨਾਲ ਇਸ ਘਟਨਾ ਨੂੰ ਸੁਲਝਾਉਣ ਲਈ ਸੰਘਰਸ਼ ਕੀਤਾ।

ਪਰ 1980 ਅਤੇ 1984 ਦੇ ਵਿਚਕਾਰ ਪੀਅਰ ਟਰੂਡੋ ਪ੍ਰਸ਼ਾਸਨ ਦੁਆਰਾ ਕੈਨੇਡਾ ਵਿੱਚ ਖਾਲਿਸਤਾਨੀ ਕੱਟੜਪੰਥੀਆਂ ਨਾਲ ਨਜਿੱਠਣ ਨਾਲ ਤਾਬੂਤ ਵਿੱਚ ਅਸਲ ਮੇਖ ਠੋਕੀ ਗਈ। 1980 ਦੇ ਦਹਾਕੇ ਦੌਰਾਨ, ਬਹੁਤ ਸਾਰੇ ਕੇ-ਤੱਤਾਂ ਨੇ ਕੈਨੇਡਾ ਵਿੱਚ ਸ਼ਰਨ ਲਈ, ਜਿਸ ਵਿੱਚ ਤਲਵਿੰਦਰ ਸਿੰਘ ਪਰਮਾਰ ਵੀ ਸ਼ਾਮਲ ਸਨ, ਇੱਕ ਪ੍ਰਮੁੱਖ ਸ਼ਖਸੀਅਤ। ਖਾਲਿਸਤਾਨੀ ਲਹਿਰ। 1985 ਵਿੱਚ ਇੱਕ ਸੀਬੀਸੀ ਦੀ ਰਿਪੋਰਟ ਦੇ ਅਨੁਸਾਰ, ਭਾਰਤ ਸਰਕਾਰ ਦੁਆਰਾ ਹਵਾਲਗੀ ਲਈ ਕਈ ਬੇਨਤੀਆਂ ਦੇ ਬਾਵਜੂਦ, ਪੀਅਰੇ ਟਰੂਡੋ ਦੀ ਅਗਵਾਈ ਵਾਲੀ ਕੈਨੇਡੀਅਨ ਸਰਕਾਰ ਨੇ ਹੌਂਸਲਾ ਨਹੀਂ ਛੱਡਿਆ।

23 ਜੂਨ, 1985 ਨੂੰ ਏਅਰ ਇੰਡੀਆ ਦੀ ਉਡਾਣ 182 (ਕਨਿਸ਼ਕ) 'ਤੇ ਬੰਬ ਧਮਾਕੇ ਨਾਲ ਸਥਿਤੀ ਹੋਰ ਵਿਗੜ ਗਈ, ਜਿਸ ਦੇ ਨਤੀਜੇ ਵਜੋਂ ਜਹਾਜ਼ ਵਿਚ ਸਵਾਰ ਸਾਰੇ 329 ਲੋਕਾਂ (ਜ਼ਿਆਦਾਤਰ ਕੈਨੇਡੀਅਨ) ਦੀ ਮੌਤ ਹੋ ਗਈ। ਕਨਿਸ਼ਕ ਬੰਬ ਧਮਾਕੇ ਨੂੰ ਸੰਯੁਕਤ ਰਾਜ ਵਿੱਚ 9/11 ਦੇ ਹਮਲੇ ਤੱਕ ਹਵਾਬਾਜ਼ੀ ਅੱਤਵਾਦ ਦੀ ਸਭ ਤੋਂ ਭੈੜੀ ਘਟਨਾ ਮੰਨਿਆ ਜਾਂਦਾ ਸੀ। ਤਲਵਿੰਦਰ ਪਰਮਾਰ, ਜਿਸ ਨੂੰ ਟਰੂਡੋ ਪ੍ਰਸ਼ਾਸਨ ਦੁਆਰਾ "ਸੁਰੱਖਿਅਤ" ਕੀਤਾ ਗਿਆ ਸੀ, ਦੀ ਪਛਾਣ ਕਨਿਸ਼ਕ ਬੰਬ ਧਮਾਕੇ ਦੇ ਮਾਸਟਰਮਾਈਂਡ ਵਜੋਂ ਕੀਤੀ ਗਈ ਸੀ। ਹਾਲਾਂਕਿ ਪਰਮਾਰ ਬਾਅਦ ਵਿੱਚ 1992 ਵਿੱਚ ਪੰਜਾਬ ਪੁਲਿਸ ਨਾਲ ਇੱਕ ਗੋਲੀਬਾਰੀ ਵਿੱਚ ਮਾਰਿਆ ਗਿਆ ਸੀ, ਪਰ ਉਸਨੂੰ ਅਜੇ ਵੀ ਏਅਰ ਇੰਡੀਆ 182 'ਤੇ ਅੱਤਵਾਦੀ ਹਮਲੇ ਦਾ ਮਾਸਟਰ ਮਾਇੰਡ ਮੰਨਿਆ ਜਾਂਦਾ ਹੈ। ਕਨਿਸ਼ਕ ਬੰਬ ਧਮਾਕੇ ਲਈ ਗ੍ਰਿਫਤਾਰ ਕੀਤੇ ਗਏ ਹਰ ਵਿਅਕਤੀ (ਤਲਵਿੰਦਰ ਪਰਮਾਰ ਸਮੇਤ) ਨੂੰ ਛੱਡ ਦਿੱਤਾ ਗਿਆ ਸੀ, ਅਤੇ ਸਿਰਫ਼ ਇੱਕ ਵਿਅਕਤੀ ਨੂੰ ਦੋਸ਼ੀ ਠਹਿਰਾਇਆ ਗਿਆ ਸੀ। ।

ਇਹ ਪਹਿਲੀ ਵਾਰ ਨਹੀਂ ਹੈ ਜਦੋਂ ਭਾਰਤ ਅਤੇ ਕੈਨੇਡਾ ਖਾਲਿਸਤਾਨੀ ਮੁੱਦੇ 'ਤੇ ਇਕ-ਦੂਜੇ 'ਤੇ ਆਹਮੋ-ਸਾਹਮਣੇ ਹੋਏ ਸਨ। ਇਹ ਮਤਭੇਦ 1982 ਤੱਕ ਚਲੀ ਜਾਂਦੀ ਹੈ, ਜਦੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਜਸਟਿਨ ਟਰੂਡੋ ਦੇ ਪਿਤਾ ਨਾਲ ਇਸ ਵਿਸ਼ੇ 'ਤੇ ਆਪਣੇ ਮਨ ਦੀ ਗੱਲ ਕੀਤੀ ਸੀ। ਆਪਣੀ ਕਿਤਾਬ ਬਲੱਡ ਫਾਰ ਬਲੱਡ: ਫਿਫਟੀ ਈਅਰਜ਼ ਆਫ ਦਿ ਖਾਲਿਸਤਾਨ ਪ੍ਰੋਜੈਕਟ ਵਿੱਚ ਟੈਰੀ ਮਿਲਵਸਕੀ ਦੇ ਅਨੁਸਾਰ, 1982 ਵਿੱਚ, ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਪ੍ਰਧਾਨ ਮੰਤਰੀ ਪੀਅਰੇ ਟਰੂਡੋ ਨੂੰ ਸ਼ਿਕਾਇਤ ਕੀਤੀ ਸੀ ਕਿ ਕੈਨੇਡਾ ਵਿੱਚ ਸਿੱਖ ਕੱਟੜਪੰਥੀ ਭਾਰਤੀ ਟਿਕਾਣਿਆਂ ਵਿਰੁੱਧ ਅੱਤਵਾਦੀ ਹਮਲਿਆਂ ਨੂੰ ਵਿੱਤੀ ਸਹਾਇਤਾ ਅਤੇ ਪ੍ਰਬੰਧ ਕਰ ਰਹੇ ਹਨ।

ਜਸਟਿਨ ਟਰੂਡੋ ਅਤੇ ਉਸ ਦੇ ਪਿਤਾ ਪਿਅਰੇ ਟਰੂਡੋ ਦੋਵਾਂ ਦੀ ਖਾਲਿਸਤਾਨੀ ਮੁੱਦੇ 'ਤੇ ਮੁਕਾਬਲਤਨ ਨਰਮ ਰੁਖ ਅਪਣਾਉਣ ਲਈ ਆਲੋਚਨਾ ਕੀਤੀ ਗਈ ਹੈ। ਹੁਣ, ਜਸਟਿਨ ਟਰੂਡੋ ਨੂੰ ਹਾਊਸ ਆਫ ਕਾਮਨਜ਼ ਵਿੱਚ ਅਵਿਸ਼ਵਾਸ ਪ੍ਰਸਤਾਵ ਦੀ ਮੰਗ ਦੇ ਨਾਲ, ਆਪਣੀ ਲੀਡਰਸ਼ਿਪ ਲਈ ਵਧਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ।

ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਕੈਨੇਡਾ ਵਿੱਚ ਦਾਖਲ ਹੋਣ ਦੀ ਇਜਾਜ਼ਤ ਦੇਣਾ, ਜਦੋਂ ਕਿ ਇੱਥੇ ਦਸਾਂ ਜਾਂ ਸੈਂਕੜੇ ਹਜ਼ਾਰਾਂ ਕੈਨੇਡੀਅਨ ਬੇਰੁਜ਼ਗਾਰ ਅਤੇ/ਜਾਂ ਬੇਘਰ ਹਨ। ਗੈਰ-ਕਾਨੂੰਨੀ ਪ੍ਰਵਾਸੀਆਂ ਨਾਲ ਬੇਘਰੇ ਪਨਾਹਗਾਹਾਂ ਨੂੰ ਭਰਦਾ ਹੈ। ਗੈਰ-ਕਾਨੂੰਨੀ ਪ੍ਰਵਾਸੀਆਂ ਅਤੇ ਸੀਰੀਆਈ "ਸ਼ਰਨਾਰਥੀਆਂ" ਨੂੰ ਟੈਕਸਦਾਤਾ ਦੇ ਖਰਚੇ 'ਤੇ ਹੋਟਲ ਦੇ ਕਮਰੇ, ਭੋਜਨ ਅਤੇ ਸਿਹਤ ਸੰਭਾਲ ਪ੍ਰਦਾਨ ਕਰਦਾ ਰਿਹਾ ਹੈ।

ਕੈਨੇਡੀਅਨਾਂ ਨੂੰ ਕਾਰਬਨ ਟੈਕਸ ਦੇ ਰੂਪ ਵਿੱਚ ਅਰਬਾਂ ਦਾ ਭੁਗਤਾਨ ਕਰਨ, ਪੈ ਰਿਹਾ ਹੈ। ਇਸ ਦੇ ਨਾਲ ਹੀ ਮਹੱਤਵਪੂਰਨ ਮੰਤਰਾਲਿਆਂ ਵਿੱਚ ਅਯੋਗ ਲੋਕਾਂ ਨੂੰ ਨਿਯੁਕਤ ਕਰਨਾ, ਸਿਰਫ਼ ਇੱਕ "ਸਮੂਹਿਕ" ਸਰਕਾਰ ਬਣਾਉਣ ਲਈ। ਇੱਕ ਉਦਾਹਰਣ ਵਜੋਂ ਫ੍ਰੀਲੈਂਡ ਦੀ ਵਰਤੋਂ ਕਰਕੇ, ਨਾਫਟਾ ਅਤੇ ਦੂਜੇ ਦੇਸ਼ਾਂ ਨਾਲ ਕੈਨੇਡਾ ਦੀ ਸਾਖ ਨੂੰ ਖਰਾਬ ਕੀਤਾ।

ਪਰ ਅਫਸੋਸ ਨਾ ਪਿਤਾ ਸਰਕਾਰ ਆਪਣੀ ਸੰਭਾਲ - ਚਲਾ ਸਕਿਆ ਨਾ ਪੁਤਰ, ਦੋਨਾਂ ਨੂੰ ਨਾਕਾਮਯਾਬੀ ਹਾਂਸਿਲ ਹੋਈ ਅਤੇ ਦੋਨਾਂ ਨੂੰ ਅਸਤੀਫੇ ਦੇਣੇ ਪਏ। ਟਰੂਡੋ ਦਾ ਅਸਤੀਫਾ ਆਪਣੇ ਪਿਤਾ ਦੀ ਵਿਰਾਸਤ ਨੂੰ ਮੁੜ ਦੁਹਰਾਉਂਦਾ ਹੈ।



**SURJIT SINGH FLORA**
**6 Havelock Drive, Brampton, ON L6W 4A5 Canada**
**647-829-9397**

# ਬਰੇਲ ਲਿੱਪੀ ਵਿਕਸਿਤ ਕਰਨ ਵਾਲੇ ਡਾਕਟਰ ਲੂਈ ਬਰੇਲ ਦੀ 173 ਵੀਂ ਬਰਸੀ ਮੌਕੇ ਅਧਿਆਪਕਾਂ ਨੂੰ ਸਨਮਾਨਿਤ ਕੀਤਾ ਗਿਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਅੱਜ ਅਲਾਂਇਸ ਕਲੱਬ ਇੰਟਰਨੈਸ਼ਨਲ ਡਿਸਟ੍ਰਿਕ 119 ਵੱਲੋਂ ਨੇਤਰਹੀਨਾਂ ਦੇ ਲਈ ਬਰੇਲ ਲਿਪੀ ਦੇ 200 ਸਾਲ ਪੂਰੇ ਹੋਣ ਤੇ ਬਰੇਲ ਲਿਪੀ ਨੂੰ ਵਿਕਸਿਤ ਕਰਨ ਵਾਲੇ ਡਾ. ਲੂਈ ਬਰੇਲ (ਜਨਮ 04 ਜਨਵਰੀ 1809 ਅਤੇ ਮੌਤ 06 ਜਨਵਰੀ 1852) ਦੀ 173ਵੀਂ ਬਰਸੀ ਦੇ ਮੌਕੇ ਤੇ ਬਰੇਲ ਲਿਪੀ ਦੇ ਅਧਿਆਪਕਾ ਨੂੰ ਸਨਮਾਨਿਤ ਕਰਨ ਲਈ ਇੱਕ ਪ੍ਰੋਗਰਾਮ 108 ਸੰਤ ਨਰਾਇਣ ਦਾਸ ਬਲਾਈਂਡ ਸਕੂਲ ਬਾਹੋਵਾਲ ਵਿਖੇ ਕੀਤਾ ਗਿਆ। ਇਸ ਮੌਕੇ ਤੇ ਡਿਸਟ੍ਰਿਕ ਗਵਰਨਰ ਐਲੀ ਰਮੇਸ਼ ਕੁਮਾਰ, ਪੀ.ਡੀ.ਜੀ. ਐਲੀ ਐਡਵੋਕੇਟ ਐਸ.ਪੀ. ਰਾਣਾ, ਐਡਵੋਕੇਟ ਨਰਿੰਦਰ ਕੁਮਾਰ ਜੋਸ਼ੀ ਅਤੇ ਐਲੀ ਅਸ਼ੋਕ ਪੁਰੀ ਵਿਸ਼ੇਸ਼ ਤੌਰ ਤੇ ਪੁੱਜੇ।

ਡਾ. ਲੂਈ ਬਰੇਲ ਦੀ 173ਵੀਂ ਬਰਸੀ ਨੂੰ ਯਾਦ ਕਰਦੇ ਹੋਏ ਉਨ੍ਹਾਂ ਦੀ ਨੈਤਰਹੀਨਾਂ ਲਈ ਵੱਡੀ ਦੇਣ ਉਪਰ ਵਿਚਾਰ ਚਰਚਾ ਕੀਤੀ ਗਈ, 200 ਸਾਲ ਪਹਿਲਾਂ ਉਤਪੰਨ ਹੋਈ ਇਸ ਲਿਪੀ ਤੋਂ ਅਜੇ ਤੱਕ ਬਹੁਤ ਨੇਤਰਹੀਨਾਂ ਤੱਕ ਪਹੁੰਚਣਾ ਬਾਕੀ ਹੈ।

ਅਲਾਂਇਸ ਕਲੱਬ ਵੱਲੋਂ ਇਸ ਨੇਤਰਹੀਣ ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਮਾਲਤੀ ਦੇਵੀ, ਬਰੇਲ ਅਧਿਆਪਕ ਚੰਦਰਭਾਨ ਅਤੇ ਸੰਸਥਾਂ ਦੇ ਪ੍ਰਧਾਨ ਅੱਤਰ ਸਿੰਘ ਨੂੰ ''ਲੂਈ ਬਰੇਲ ਅਵਾਰਡੱ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਐਲੀ ਅਸ਼ੋਕ



ਪੁਰੀ ਨੇ ਦੱਸਿਆ ਕਿ ਡਾ. ਲੂਈ ਬਰੇਲ ਦੇ ਜਨਮ ਦਿਨ ਤੇ ਪੰਜਾਬ ਅਤੇ ਦਿੱਲੀ ਦੀ ਟੀਮ ਵਿੱਚ ਨੇਤਰਹੀਨ ਕ੍ਰਿਕਟ ਟੂਰਨਾਮੈਂਟ ਕਰਵਾਇਆ ਗਿਆ ਸੀ ਜੋ ਕਿ ਇੱਕ ਮਹਾਨ ਕੰਮ ਹੈ। ਇਸ ਸੰਸਥਾਂ ਵੱਲੋਂ ਨੇਤਰਹੀਨਾਂ ਦੇ ਵਿਕਾਸ ਲਈ ਇਸ ਉਪਰਾਲੇ ਵਾਸਤੇ ਅਲਾਂਇਸ ਕਲੱਬ ਦੀ ਸਮੁੱਚੀ ਟੀਮ ਵੱਲੋਂ ਪ੍ਰਸੰਸਾਂ ਕੀਤੀ ਗਈ। ਟੂਰਨਾਮੈਂਟ ਦੇ ਪ੍ਰਬੰਧ ਵਿੱਚ ਐਲੀ ਰਮੇਸ਼ ਕੁਮਾਰ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਪਾਏ ਗਏ ਯੋਗਦਾਨ ਲਈ ਐਲੀ ਐਡਵੋਕੇਟ ਐਸ.ਪੀ. ਰਾਣਾ, ਨਰਿੰਦਰ ਕੁਮਾਰ ਜੋਸ਼ੀ, ਐਲੀ ਅਸ਼ੋਕ ਪੁਰੀ ਅਤੇ ਡਿਸਟ੍ਰਿਕ ਗਵਰਨਰ ਐਲੀ ਰਮੇਸ਼ ਕੁਮਾਰ ਨੂੰ ਸਨਮਾਨਿਤ ਕੀਤਾ ਗਿਆ। ਇਸ ਉਪਰੰਤ ਨੇਤਰਹੀਨ ਵਿਦਿਆਰਥੀਆਂ ਵੱਲੋਂ ਅੱਤਰ ਸਿੰਘ ਜੀ ਦਾ ਲਿਖਿਆ ਗੀਤ '' ਜਿਨ ਕੇ ਮਹਾਨ ਕਾਮ ਨੇ ਹਮੇਂ ਇਨਸਾਂ ਬਨਾ ਦਿਆ, ਪਰਮ ਪਿਤਾ ਪ੍ਰਮੇਸ਼ਵਰ ਨੇ ਹਮੇਂ ਫਰਿਸ਼ਤਾ ਬਨਾ ਦਿਆੱ ਗਾਇਆ ਗਿਆ। ਪ੍ਰੋਗਰਾਮ ਦੇ ਅਖੀਰ ਵਿੱਚ ਸੰਸਥਾਂ ਦੇ ਪ੍ਰਧਾਨ ਅੱਤਰ ਸਿੰਘ ਜੀ ਨੇ ਐਲੀ ਅਸ਼ੋਕ ਪੁਰੀ ਅਤੇ ਅਲਾਂਇਸ ਕਲੱਬ ਦੇ ਨੁਮਾਇੰਦਿਆਂ ਵੱਲੋਂ ਸਮਾਜ ਸੇਵਾ ਦੇ ਕੰਮਾਂ ਵਿੱਚ ਨੇਤਰਹੀਨ ਸਮਾਜ ਦੇ ਜਾਗਰੂਕਤਾ ਅਭਿਆਨ ਵਿੱਚ ਆਪਣਾ ਯੋਗਦਾਨ ਪਾਉਣ ਲਈ ਧੰਨਵਾਦ ਕੀਤਾ ਅਤੇ ਅੱਗੇ ਤੋਂ ਇਸੇ ਤਰ੍ਹਾਂ ਕੰਮ ਕਰਦੇ ਰਹਿਣ ਲਈ ਬੇਨਤੀ ਕੀਤੀ। ਇਸ ਪ੍ਰੋਗਰਾਮ ਦੇ ਮੁੱਖ ਪ੍ਰਬੰਧਕ ਯੋਗੇਸ਼ ਕੁਮਾਰ ਸਨ।

# ਮਾਤਾ ਸਵਿੱਤਰੀ ਬਾਈ ਫੂਲੇ ਜੀ ਦਾ 194ਵਾਂ ਜਨਮ ਦਿਨ ਮਨਾਇਆ ਗਿਆ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਸਾਹਿਬ ਕਾਂਸ਼ੀ ਰਾਮ ਸਮਾਜ ਭਲਾਈ ਸੁਸਾਇਟੀ ਰਜਿ:ਪੰਜਾਬ ਵਲੋਂ ਭਾਰਤ ਦੀ ਪਹਿਲੀ ਅਧਿਆਪਕਾ ਮਾਤਾ ਸਵਿੱਤਰੀ ਬਾਈ ਫੂਲੇ ਜੀ ਦਾ 194 ਵਾਂ ਜਨਮ ਦਿਨ ਸ਼੍ਰੀ ਗੁਰੂ ਰਵਿਦ-ਾਸ ਮੰਦਰ ਵਿੱਚ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਨੂੰ ਯਾਦਗਾਰ ਬਣਾਉਂਦਿਆਂ 70 ਬੀਬੀਆਂ ਨੂੰ ਸਰਦੀਆਂ ਤੋਂ ਬਚਣ ਲਈ ਸ਼ਾਲ ਦਿੱਤੇ ਗਏ। ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਵਿਸ਼ੇਸ਼ ਸਹਿਯੋਗ ਸ਼੍ਰੀ ਰਮੇਸ਼ ਲੱਧੜ ਯੂ ਕੇ ਤੇ ਮਾਸਟਰ ਸੰਤੋਖ ਸਿੰਘ ਯੂ ਐਸ ਏ ਵਲੋਂ ਦਿੱਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਦੇ ਤੌਰ ਤਪ ਅਸਥਾਨ ਸ਼੍ਰੀ ਖੁਰਾਲਗੜ੍ਹ ਸਾਹਿਬ ਜੀ ਦੇ ਪਵਿੱਤਰ ਅਸਥਾਨ ਦੇ ਮੁੱਖ ਸੇਵਾਦ-ਾਰ ਜਥੇਦਾਰ ਭਾਈ ਕੇਵਲ ਸਿੰਘ ਜੀ ਤੇ ਸੁਸਾਇਟੀ ਦੇ ਪ੍ਰਧਾਨ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਇਸ ਦੇਸ਼ ਵਿੱਚ ਔਰਤਾਂ ਨੂੰ ਵਹਿਮਾਂ ਭਰਵਾਂ ਵਿੱਚ ਪਾਇਆ ਗਿਆ ਸੀ ਕਿ ਅਗਰ ਕਿਸੇ ਵੀ ਘਰ ਵਿੱਚ ਔਰਤ ਪੜ੍ਹਦੀ ਹੈ ਤਾਂ ਉਸ ਘਰ ਦੇ ਕਿਸੇ ਮੈਂਬਰ ਦੀ ਮੌਤ ਹੋ ਸਕਦੀ ਹੈ। ਮਾਤਾ ਸਵਿੱਤਰੀ ਬਾਈ ਫੂਲੇ ਜੀ



ਨੇ ਆਪ ਪੜ੍ਹਾਈ ਕਰਕੇ ਭਾਰਤ ਵਿੱਚ ਵਸਦੀਆਂ ਹਰ ਧਰਮ ਦੀਆਂ ਔਰਤਾਂ ਨੂੰ ਪੜਾਉਣਾ ਸ਼ੁਰੂ ਕੀਤਾ ਤੇ ਔਰਤਾਂ ਨੂੰ ਵਹਿਮਾਂ, ਭਰਵਾਂ ਤੋਂ ਉਪਰ ਉਠ ਕੇ ਪੜਨ ਲਈ ਪ੍ਰੇਰਿਤ ਵੀ ਕੀਤਾ। ਉਹਨਾਂ ਕਿਹਾ ਕਿ ਮੈਂ ਵੀ ਪੜ੍ਹ ਲਿਖ ਕੇ ਆਪ ਸਭ ਨੂੰ ਇਹ ਦੱਸਣਾ ਚਾਹੁੰਦੀ ਹਾਂ ਕਿ ਮੇਰਾ ਪਤੀ ਤੇ ਬਾਕੀ ਮੇਰਾ ਸਾਰਾ ਪਰਿਵਾਰ ਅੱਜ ਵੀ ਜਿਊਂਦਾ ਹੈ। ਪੜ੍ਹਾਈ ਕਰਨ ਨਾਲ ਸਾਡੇ ਪਰਿਵਾਰ ਵਿੱਚ ਕਿਸੇ ਦੀ ਵੀ ਮੌਤ ਨਹੀਂ ਹੋਈ। 1 ਜਨਵਰੀ 1848 ਨੂੰ ਭਾਰਤ ਵਿੱਚ ਪਹਿਲਾ ਸਕੂਲ ਖੋਲ੍ਹਿਆ ਗਿਆ ਤੇ ਹਜਾਰਾਂ ਔਰਤਾਂ ਉਥੋਂ ਸਿੱਖਿਆ ਦਿੱਤੀ ਗਈ। ਜੋ ਪੂਰੀ ਦੁਨੀਆ ਵਿਚ ਅੱਜ ਵੀ ਮਿਸਾਲ ਬਣੀ ਹੋਈ ਹੈ। ਇਸ ਮੌਕੇ ਤੇ ਸੰਦੀਪ ਸਿੰਘ ਕਲੇਰ, ਮਾਸਟਰ ਦੇਸ ਰਾਜ ਨੌਰਦ, ਮਨਜੀਤ ਰਾਜੂ, ਸੱਤਪਾਲ ਬਾਲੀ, ਯੋਗਰਾਜ, ਸੰਦੀਪ ਸਹਿਜਲ ਵਲੋਂ ਵਿਸਥਾਰ ਸਹਿਯੋਗ ਦਿੱਤਾ ਗਿਆ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਆਟੋ ਯੂਨੀਅਨ ਦੇ ਪ੍ਰਧਾਨ ਪ੍ਰਨੀਤ ਕੁਮਾਰ, ਕੁਲਦੀਪ ਕੁਮਾਰ, ਰਮਨ ਲੱਧੜ, ਜੈਲਾ, ਅਰੁਨ ਬਾਲੀ, ਲਾਲੇ, ਰਜਨੀ, ਬੀਬੀ ਰਾਣੀ, ਗੁਰਮੀਤੋ, ਸੁਲਿੰਦਰ, ਸੱਤਿਆ ਰਾਣੀ, ਭਜਨ ਕੌਰ, ਪਰਮਜੀਤ ਕੌਰ ਤੋਂ ਇਲਾਵਾ ਹੋਰ ਵੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਪ੍ਰਾਦੇਸ਼ਿਕ ਦਿਹਾਤੀ ਵਿਕਾਸ ਸੰਸਥਾ ਅਤੇ ਪੰਚਾਇਤੀ ਰਾਜ ਮੋਹਾਲੀ ਵਲੋਂ ਨਵੇਂ ਚੁਣੇ ਸਰਪੰਚਾਂ ਅਤੇ ਪੰਚਾਂ ਲਈ ਬਲਾਕ ਮਾਹਿਲਪੁਰ ਵਿਖੇ ਸੱਤਵਾਂ ਸਿਖਲਾਈ ਪ੍ਰੋਗਰਾਮ ਮੁਕੰਮਲ

**ਗੜ੍ਹਸ਼ੰਕਰ (ਬਲਵੀਰ ਚੌਪੜਾ )** ਪ੍ਰਾਦੇਸ਼ਿਕ ਦਿਹਾਤੀ ਵਿਕਾਸ ਸੰਸਥਾ ਅਤੇ ਪੰਚਾਇਤੀ ਰਾਜ ਮੋਹਾਲੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਬਲਾਕ ਮਾਹਿਲਪੁਰ ਦੀਆਂ 149 ਗ੍ਰਾਮ ਪੰਚਾਇਤਾਂ ਦੇ ਨਵੇਂ ਚੁਣੇ ਨੁਮਾਇੰਦਿਆਂ ਨੂੰ ਸਿਖਲਾਈ ਦੇਣ ਲਈ 13 ਕੈਂਪਾ ਦਾ ਸ਼ੈਡਿਊਲ ਤਿਆਰ ਕਰਕੇ ਸਿਖਲਾਈ ਪ੍ਰੋਗਰਾਮ ਤਹਿਤ ਗ੍ਰਾਮ ਪੰਤਾਇਤਾਂ ਦਾ ਤਿੰਨ ਰੋਜ਼ਾ ਸਿਖਲਾਈ ਪ੍ਰੋਗਰਾਮ ਕਰਾਵਾਇਆ ਜਾ ਰਿਹਾ ਹੈ। ਅੱਜ ਸਤਵੇਂ ਕੈਂਪ ਦੇ ਦੌਰਾਨ ਮਾਹਿਲਪੁਰ ਬਲਾਕ ਦੀਆ 11 ਪੰਚਾਇਤਾਂ ਖੇੜਾ , ਖੜੋਦੀ, ਖੈਰਲ ਰਾਵਲ ਬੱਸੀ , ਭਾਣਾ,ਮਕਸੂਸਪੁਰ , ਪਾਲਦੀ,ਖੁਸ਼ਹਾਲਪੁਰ,ਨੰਗਲ ਕਲਾਂ , ਪੰਚਨੰਗਲ,ਲਕਸ਼ੀਆਂ,ਡਾਂਡੀਆਂ ਦੇ ਸਰਪੰਚ ਅਤੇ ਪੰਚ ਸਹਿਬਾਨਾਂ ਨੇ ਸ਼ਮੂਲੀਅਤ ਕੀਤੀ ।ਇਸ ਸਿਖਲਾਈ ਪ੍ਰੋਗਰਾਮ ਵਿੱਚ ਪ੍ਰਦੇਸ਼ਿਕ ਦਿਹਾਤੀ ਵਿਕਾਸ ਸੰਸਥਾ ਅਤੇ ਪੰਚਾਇਤੀ ਰਾਜ ਮੋਹਾਲੀ ਤੋਂ ਮਾਸਟਰ ਰਿਸੋਰਸ ਪਰਸਨ ਰਜਨੀ ਗਰਗ ਅਤੇ ਰਜਨੀ ਕੌਰ ਵੱਲੋਂ ਸਰਪੰਚ ਅਤੇ ਪੰਚ ਸਹਿਬਾਨਾਂ ਨੂੰ 73ਵੀਂ ਸੰਵਿਧਾਨਿਕ ਸੋਧ, ਪੰਚਾਇਤੀ ਰਾਜ ਐਕਟ 1994, ਗਰਾਮ ਸਭਾ ਅਤੇ ਗਰਾਮ ਪੰਚਾਇਤ ਦੀ ਬਣਤਰ,ਕੋਰਮ, ਮੀਟਿੰਗਾਂ, ਸਰਪੰਚ ਦੇ ਕੰਮ ਅਤੇ ਸ਼ਕਤੀਆਂ, ਪੰਚਾਇਤ ਦੀਆਂ ਸ਼ਕਤੀਆਂ, ਸਲਾਨਾ ਬਜਟ ਰਿਪੋਰਟਾਂ, ਆਮਦਨ ਦੇ ਸਾਧਨ, 15ਵਾਂ ਵਿੱਤ ਕਮਿਸ਼ਨ (ਟਾਈਡ ਅਤੇ ਅਨ-ਟਾਇਡ ਫੰਡ), ਵਿਕਾਸ ਕਾਰਜੀ ਗਰਾਂਟਾਂ, 17 ਸਥਾਈ ਵਿਕਾਸ ਦੇ ਟੀਚੇ, 9 ਥੀਮਾਂ, ਥਿਮੈਟਿਕ ਗਰਾਮ ਪੰਚਾਇਤ ਵਿਕਾਸ ਯੋਜਨਾ (ਜੀ.ਪੀ.ਡੀ.ਪੀ.), ਪੰਚਾਇਤ ਦੀਆਂ ਸ਼ਾਮਲਾਤ ਜ਼ਮੀਨਾਂ, ਵਿਲੇਜ਼ ਕਾਮਨ ਲੈਂਡ ਐਕਟ 1961 ਤਹਿਤ ਨਾਜ਼ਾਇਜ਼



ਕਬਜੇ ਛੁਡਾਉਣ ਅਤੇ ਪੰਚਾਇਤ ਸਕੱਤਰ, ਵੀ.ਡੀ.ਓ , ਪੰਚਾਇਤ ਅਫ਼ਸਰ ਅਤੇ ਹੋਰ ਕਰਮਚਾਰੀਆਂ ਦੀਆਂ ਭੂਮਿਕਾ ਬਾਰੇ ਮੁਕੰਮਲ ਜਾਣਕਾਰੀ ਮੁਹੱਈਆ ਕਰਵਾਈ ਗਈ। ਇਸ ਤੋਂ ਇਲਾਵਾ ਇਸ ਸਿਖਲਾਈ ਪ੍ਰੋਗਰਾਮ ਵਿੱਚ ਪੰਚਾਇਤਾਂ ਨਾਲ ਸੰਬੰਧਤ ਵਿਭਾਗਾਂ ਦੇ ਅਧਿਕਾਰੀਆਂ ਕਰਮਚਾਰੀਆਂ ਜਿਵੇਂ ਕਿ ਸਮਾਜਿਕ ਸੁਰੱਖਿਆ ਅਤੇ ਇਸਤਰੀ ਬਾਲ ਵਿਕਾਸ ਵਿਭਾਗ, ਮਹਿਲਾਵਾਂ ਅਤੇ ਬੱਚਿਆਂ ਸਬੰਧੀ ਕਾਨੂੰਨ, ਜਲ ਸੁਲਾਈ ਅਤੇ ਸੈਨੀਟੇਸ਼ਨ ਵਿਭਾਗ , ਪੰਜਾਬ ਆਜੀਵਿਕਾ ਮਿਸ਼ਨ ਵਿਭਾਗ, ਸਿੱਖਿਆ ਵਿਭਾਗ, ਸਿਹਤ ਵਿਭਾਗ ਵੱਲੋਂ ਸਰਪੰਚ ਅਤੇ ਪੰਚ ਸਹਿਬਾਨਾਂ ਨੂੰ ਵਿਭਾਗੀ ਸਕੀਮਾਂ ਬਾਰੇ ਵੀ ਜਾਣੂ ਕਰਵਾਇਆ ਗਿਆ। ਸ਼੍ਰੀ ਸੁਖਜਿੰਦਰ ਸਿੰਘ ਬੀ.ਡੀ.ਪੀ.ਓ ਮਾਹਿਲਪੁਰ ਨੇ ਨਵੇਂ ਚੁਣੇ ਸਰਪੰਚਾਂ ਅਤੇ ਪੰਚਾਂ ਨੂੰ ਪੰਚਾਇਤੀ ਕਾਰਜਾਂ ਵਿੱਚ ਸਰਗਰਮੀ ਨਾਲ ਆਪਣੀ ਭੂਮਿਕਾ ਨਿਭਾਉਣ ਲਈ ਉਤਸ਼ਾਹਿਤ ਕੀਤਾ ਤਾਂ ਜੋ ਪੰਚਾਇਤਾਂ ਦੀ ਕਾਰਜ ਪ੍ਰਣਾਲੀ ਨੂੰ ਬਿਹਤਰ ਬਣਾ ਕੇ ਪਿੰਡਾਂ ਦਾ ਪਧੱਰ ਉੱਚਾ ਚੁੱਕਿਆ ਜਾ ਸਕੇ ਅਤੇ ਪਿੰਡਾਂ ਦਾ ਸਰਵਪੱਖੀ ਵਿਕਾਸ ਕੀਤਾ ਜਾ ਸਕੇ।

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

@samajweekly

## ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

**+44 7878 456484**

**email:-Samajweekly@gmail.com**